# Snapchat ਲਈ ਮਾਤਾ-ਪਿਤਾ ਅਤੇ ਸਰਪ੍ਰਸਤਾਂ ਲਈ ਇੱਕ ਗਾਈਡ



## ਅੰਦਰ ਕੀ ਹੈ?

- Snapchat ਦੀਆਂ ਵਿਸ਼ੇਸ਼ਤਾਵਾਂ
- ਸਧਾਰਨ ਆਮ ਪੁੱਛੇ ਜਾਣ ਵਾਲੇ ਸਵਾਲ
- ਸੁਰੱਖਿਆ ਅਤੇ ਤੰਦਰੁਸਤੀ ਦੇ ਸਰੋਤ
- ਵਾਰਤਾਲਾਪ ਸਟਾਰਟਰ

# Snap Inc. ਵਿੱਚ ਕੰਮ ਕਰਨ ਵਾਲੇ ਮਾਤਾ-ਪਿਤਾ ਵੱਲੋਂ ਇੱਕ ਪੱਤਰ

ਪਿਆਰੇ ਮਾਤਾ-ਪਿਤਾ ਅਤੇ ਸਰਪ੍ਰਸਤ,

ਤੁਹਾਡੇ ਬੱਚੇ ਨੇ ਇੱਕ Snapchat ਖਾਤਾ ਬਣਾਇਆ ਹੈ। ਹੁਣ ਕੀ ਕਰੀਏ? ਤੁਸੀਂ ਸੰਦੇਹਵਾਦੀ ਹੋ। ਤੁਹਾਡਾ ਬੱਚਾ ਉਸ ਐਪ ਦੀ ਵਰਤੋਂ ਕਿਉਂ ਕਰਨੀ ਚਾਹੁੰਦਾ ਹੈ ਜਿੱਥੇ ਉਸ ਦੀ ਬਹੁਤ ਸਾਰੀ ਸਮੱਗਰੀ ਪੂਰਵ-ਨਿਰਧਾਰਤ ਤੌਰ 'ਤੇ ਮਿਟਾਈ ਜਾਂਦੀ ਹੈ? ਸੋਸ਼ਲ ਪਲੇਟਫਾਰਮ ਨਿਰੰਤਰ ਵਿਕਸਿਤ ਹੋ ਰਹੇ ਹਨ, ਅਤੇ ਅਸੀਂ ਸਮਝਦੇ ਹਾਂ ਕਿ ਇਨ੍ਹਾਂ ਨਾਲ ਬਣੇ ਰਹਿਣਾ ਮੁਸ਼ਕਲ ਹੋ ਸਕਦਾ ਹੈ। ਸਵਾਲ ਅਤੇ ਚਿੰਤਾਵਾਂ ਹੋਣਾ ਕੁਦਰਤੀ ਹੈ, ਅਤੇ ਸਾਨੂੰ ਆਸ ਹੈ ਕਿ Snapchat ਬਾਰੇ ਸਿੱਖਣ ਅਤੇ ਆਪਣੇ ਬੱਚੇ ਨੂੰ ਸਿਖਾਉਣ ਦਾ ਇੱਕ ਸਰੋਤ ਬਣਨ ਅਤੇ ਉਸ ਨੂੰ ਸਸ਼ਕਤ ਬਣਾਉਣ ਵਿੱਚ ਇਹ ਗਾਈਡ ਤੁਹਾਡੇ ਲਈ ਲਾਭਕਾਰੀ ਹੋਵੇਗੀ।

ਅਸੀਂ ਮੰਨਦੇ ਹਾਂ ਕਿ ਤੁਸੀਂ ਇਹ ਸੁਨਿਸ਼ਚਿਤ ਕਰਨਾ ਚਾਹੁੰਦੇ ਹੋ ਕਿ ਸਾਡੀ ਐਪ ਦੀ ਵਰਤੋਂ ਕਰਦੇ ਸਮੇਂ ਤੁਹਾਡਾ ਬੱਚਾ ਚੰਗੀ ਤਰ੍ਹਾਂ ਸੁਰੱਖਿਅਤ ਹੋਵੇ ਅਤੇ ਸੂਚਿਤ ਹੋਵੇ। ਸਾਡਾ ਟੀਚਾ ਕਿਸ਼ੋਰਾਂ ਨੂੰ ਆਪਣੇ ਹੁਨਰ ਅਤੇ ਪ੍ਰਮਾਣਿਤ ਆਪਿਆਂ ਨੂੰ ਦਰਸਾਉਣ ਲਈ ਇੱਕ ਸਥਾਨ ਪ੍ਰਦਾਨ ਕਰਨਾ ਹੈ। Snapchat ਰਿਵਾਇਤੀ ਸੋਸ਼ਲ ਮੀਡੀਆ ਤੋਂ ਵੱਖਰਾ ਹੈ ਕਿਉਂਕਿ ਇਸ ਐਪ ਨੂੰ ਨਜ਼ਦੀਕੀ ਦੋਸਤਾਂ ਨਾਲ ਜੁੜੇ ਰਹਿਣ ਲਈ ਮਜਾਕੀਆ ਤੌਰ 'ਤੇ ਬਣਾਇਆ ਗਿਆ ਸੀ, ਨਾ ਕਿ ਅਜਨਬੀਆਂ ਲਈ।

**“ ਮੇਰੇ ਬੱਚੇ ਅਜਿਹੀ ਇੱਕ ਐਪ ਦੀ ਵਰਤੋਂ ਕਿਉਂ ਕਰਨਾ ਚਾਹੁੰਦੇ ਹਨ ਜਿੱਥੇ ਉਨ੍ਹਾਂ ਦੀ ਬਹੁਤ ਸਾਰੀ ਸਮੱਗਰੀ ਪੂਰਵ- ਨਿਰਧਾਰਤ ਤੌਰ 'ਤੇ ਮਿਟ ਜਾਂਦੀ ਹੈ? ”**

ਦੂਜੇ ਪਲੇਟਫਾਰਮਾਂ ਤੋਂ ਉਲਟ, ਅਸੀਂ ਜਨਤਕ ਟਿੱਪਣੀਆਂ ਨੂੰ ਇਜਾਜ਼ਤ ਨਹੀਂ ਦਿੰਦੇ ਹਾਂ, ਅਤੇ ਸਾਡੀਆਂ ਡਿਫਾਲਟ ਸੈਟਿੰਗਾਂ ਤੋਂ ਭਾਵ ਹੈ ਕਿ ਇੱਕ Snapchatters ਸਿਰਫ਼ ਉਨ੍ਹਾਂ ਲੋਕਾਂ ਤੋਂ ਹੀ ਸੁਨੇਹੇ/ਸੰਦੇਸ਼ ਪ੍ਰਾਪਤ ਕਰ ਸਕਦਾ ਹੈ ਜਿਨ੍ਹਾਂ ਨੂੰ ਉਸ ਨੇ ਇੱਕ ਦੋਸਤ ਵਜੋਂ ਸ਼ਾਮਲ ਕੀਤਾ ਹੋਵੇ।

ਦੋਸਤਾਂ ਨਾਲ ਗੱਲਾਂ ਕਰਨ ਤੋਂ ਇਲਾਵਾ, ਪਰਿਵਾਰਾਂ ਦੇ ਜੁੜੇ ਰਹਿਣ ਲਈ Snapchat ਬਹੁਤ ਵਧੀਆ ਵਿਧੀ ਹੈ। Snapchat ਇੱਕ ਮਜਾਕੀਆ ਅਤੇ ਅਚਨਚੇਤੀ ਤਰੀਕੇ ਨਾਲ ਸੰਚਾਰ ਕਰਨ ਲਈ ਤੁਹਾਡੇ ਹੁਨਰ ਦੀ ਵਰਤੋਂ ਕਰਨ ਵਿੱਚ ਤੁਹਾਡੀ ਮਦਦ ਕਰਦਾ ਹੈ। ਇਹ ਇੱਕ ਦੂਜੇ ਨਾਲ ਮਜ਼ੇ ਲੈਣ ਵਾਲੀ ਇੱਕ ਥਾਂ ਹੈ (ਕੰਮ ਕਰਨ ਦੀਆਂ ਸੂਚੀਆਂ ਜਾਂ ਭਾਂਡੇ ਧੋਣਾ ਯਾਦ ਕਰਾਉਣ ਦੀ ਕੋਈ ਚਿੰਤਾ ਨਹੀਂ)। ਇਸ ਦੀ ਬਜਾਏ, ਤੁਹਾਨੂੰ ਮਜਾਕੀਆ ਤਸਵੀਰਾਂ ਭੇਜਣ ਅਤੇ ਵਧੀਆ ਸਮਾਂ ਬਿਤਾਉਣ ਦਾ ਮੌਕਾ ਮਿਲਦਾ ਹੈ (ਆਪਣੇ ਕੈਮਰਾ ਰੋਲ ਨੂੰ ਬੰਦ ਕਰਨ ਤੋਂ ਬਿਨਾਂ!)| Snapchat ਦੀ ਵਰਤੋਂ ਆਪਣੇ ਪਾਲਤੂ ਜਾਨਵਰ ਦੀਆਂ ਤਸਵੀਰਾਂ ਨੂੰ Snap ਕਰਨ ਲਈ ਕਰੋ ਜਦੋਂ ਤੁਹਾਡੇ ਬੱਚੇ ਸਕੂਲ ਹੁੰਦੇ ਹਨ, ਜਾਂ ਆਪਣੇ ਬੱਚਿਆਂ ਨੂੰ ਹਸਾਉਣ ਲਈ ਸਾਡੇ ਲੈਂਜ਼ਾਂ ਨੂੰ ਸ਼ਾਮਲ ਕਰੋ!

ਅਸੀਂ ਸਮਝਦੇ ਹਾਂ ਕਿ ਉਹ ਕੋਈ ਵੀ ਐਪ ਜਿਸ ਅੰਦਰ ਸੰਚਾਰ ਕਰਨ ਦੀਆਂ ਸੁਵਿਧਾਵਾਂ ਹੁੰਦੀਆਂ ਹਨ ਉਸ ਦੀ ਦੁਰਵਰਤੋਂ ਹੋਣ ਦੀ ਸੰਭਾਵਨਾ ਹੁੰਦੀ ਹੈ, ਇਹੀ ਕਾਰਣ ਹੈ ਕਿ ਅਸੀਂ ਆਪਣੇ ਪਲੇਟਫਾਰਮ ਦੀ ਸੁਰੱਖਿਆ 'ਤੇ ਬਹੁਤ ਸਾਰਾ ਸਮਾਂ, ਸਰੋਤ ਅਤੇ ਊਰਜਾ ਲਗਾਈ ਹੈ - ਅਤੇ ਇਸ 'ਤੇ ਧਿਆਨ ਦੇਣਾ - ਜਾਰੀ ਰੱਖਾਂਗੇ। ਐਪ ਵਿੱਚ ਵਿਸ਼ਾਲ ਰਿਪੋਰਟਿੰਗ, ਸਾਡੇ ਸਮੁਦਾਇ ਦੇ ਦਿਸ਼ਾ ਨਿਰਦੇਸ਼ਾਂ, ਅਤੇ ਕਿਰਿਆਸ਼ੀਲ ਸੁਰੱਖਿਆ ਪਾਰਟਨਰਾਂ ਦੀ ਵਿਸ਼ਾਲ ਰੇਂਜ ਦੇ ਨਾਲ, ਅਸੀਂ ਆਪਣੇ ਕਿਸ਼ੋਰਾਂ ਨੂੰ ਦੱਸਦੇ ਹਾਂ ਕਿ ਉਨ੍ਹਾਂ ਦੀ ਸੁਰੱਖਿਆ ਸਾਡੀ ਪਹਿਲ ਹੈ।

ਅਸੀਂ ਇਹ ਪੇਰੈਂਟ ਗਾਈਡ ਤੁਹਾਨੂੰ ਵਾਧੂ ਜਾਣਕਾਰੀ ਪ੍ਰਦਾਨ ਕਰਨ ਲਈ ਬਣਾਈ ਹੈ ਜੋ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਆਪਣੇ ਆਪ ਨੂੰ ਸੁਰੱਖਿਅਤ ਰੂਪ ਵਿੱਚ ਦਰਸਾਉਣ, ਸਮਾਂ ਬਿਤਾਉਣ, ਦੁਨੀਆ ਬਾਰੇ ਜਾਣਨ, ਇਕੱਠਿਆਂ ਮਨੋਰੰਜਨ ਕਰਨ ਦੇ ਯੋਗ ਬਣਾਉਂਦਾ ਹੈ। ਸਾਨੂੰ ਆਸ ਹੈ ਕਿ ਇਹ ਤੁਹਾਡੇ ਲਈ ਲਾਭਕਾਰੀ ਹੋਵੇਗੀ ਜਦੋਂ ਤੁਸੀਂ ਆਪਣੇ ਬੱਚਿਆਂ ਨਾਲ ਖੁੱਲ੍ਹੀ ਅਤੇ ਇਮਾਨਦਾਰ ਗੱਲਬਾਤ ਕਰਨਾ ਜਾਰੀ ਰੱਖਦੇ ਹੋ ਕਿ ਉਹ ਔਨਲਾਈਨ ਕੀ ਕਰ ਰਹੇ ਹਨ।

**ਯਾਦ ਰੱਖੋ, ਅਸੀਂ ਤੁਹਾਡੇ ਲਈ ਅਤੇ ਤੁਹਾਡੇ ਬੱਚਿਆਂ ਲਈ ਇੱਥੇ ਹਾਂ!**

**- ਉਹ ਮਾਤਾ-ਪਿਤਾ ਜੋ Snap Inc. 'ਤੇ ਕੰਮ ਕਰਦੇ ਹਨ।**



# ਵਿਸ਼ਾ-ਸੂਚੀ


3 Snapchat ਕੀ ਹੈ?

4 ਸਧਾਰਨ ਆਮ ਪੁੱਛੇ ਜਾਣ ਵਾਲੇ ਸਵਾਲ

6 ਪ੍ਰਮੁੱਖ ਵਿਸ਼ੇਸ਼ਤਾਵਾਂ

7 ਸਾਡੇ ਪਰਦੇਦਾਰੀ ਸਿਧਾਂਤ

8 ਸੁਰੱਖਿਆ ਦੇ ਲਾਹੇਵੰਦ ਸੁਝਾਅ

9 ਤੰਦਰੁਸਤੀ ਦੇ ਸਰੋਤ

10 Snapchat ਬਾਰੇ ਆਪਣੇ ਬੱਚਿਆਂ ਨਾਲ ਗੱਲਬਾਤ ਕਿਵੇਂ ਕਰੀਏ

# Snapchat 101

## Snapchat ਕੀ ਹੈ?



ਇੱਕ ਮਾਂ-ਬਾਪ ਜਾਂ ਸਿੱਖਿਅਕ ਹੋਣ ਦੇ ਨਾਤੇ, ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ Snapchat ਮੈਸੇਜਿੰਗ/ ਸੁਨੇਹਾ ਅਤੇ ਕੈਮਰਾ ਐਪ ਹੈ ਅਰਥਾਤ ਇੱਕੋ ਇੱਕ ਵਿਧੀ ਜਿਸ ਨਾਲ ਬੱਚੇ ਇਨ੍ਹਾਂ ਦਿਨਾਂ ਵਿੱਚ ਆਪਣੇ ਦੋਸਤਾਂ ਨਾਲ ਗੱਲਬਾਤ ਕਰਦੇ ਹਨ। ਬਿਲਕੁੱਲ ਸ਼ੁਰੂ ਤੋਂ, ਅਸੀਂ ਅਸਲ ਦੋਸਤਾਂ ਨੂੰ ਕਨੈਕਟ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਹੈ ਜਦੋਂ ਉਹ ਦੂਰ ਹੁੰਦੇ ਹਨ ਅਤੇ ਉਸ ਸਮੇਂ ਇੱਕ ਦੂਜੇ ਨੂੰ ਪ੍ਰਗਟ ਕਰਨ ਵੇਲੇ ਆਰਾਮ ਮਹਿਸੂਸ ਕਰਾਉਣ ਲਈ। ਆਪਣੇ ਕੈਮਰੇ ਨਾਲ ਲੋਕਾਂ ਨੂੰ ਖੁਦ ਨੂੰ ਪ੍ਰਗਟਾਉਣ ਲਈ ਸੁਖੀ ਮਹਿਸੂਸ ਕਰਾਉਣ ਲਈ Snapchat ਬਣਾਈ ਗਈ ਸੀ।

Snapchat ਨੂੰ ਜਾਣਬੁੱਝ ਕੇ ਸੋਸ਼ਲ ਮੀਡੀਆ ਨਾਲੋਂ ਵੱਖਰੀ ਤਰ੍ਹਾਂ ਬਣਾਇਆ ਗਿਆ ਹੈ, ਉਨ੍ਹਾਂ ਤਰੀਕਿਆਂ ਨਾਲ ਜੋ ਇਸ ਨੂੰ ਸਾਡੇ ਸਮੁਦਾਇ ਲਈ ਵਧੇਰੇ ਸੁਰੱਖਿਅਤ ਬਣਾਉਂਦੇ ਹਨ। ਅਸੀਂ Snapchat ਅਤੇ ਦੂਜੇ ਪਲੇਟਫਾਰਮਾਂ ਦੀ ਢੁਕਵੀਂ ਵਰਤੋਂ ਬਾਰੇ ਮਾਪਿਆਂ ਅਤੇ ਬੱਚਿਆਂ ਨੂੰ ਨਿਯਮਿਤ ਸੰਚਾਰ ਕਰਨ ਲਈ ਉਤਸ਼ਾਹਿਤ ਕਰਦੇ ਹਾਂ ਇਹੋ ਕਾਰਣ ਹੈ ਅਸੀਂ ਇਸ ਗਾਈਡ ਨੂੰ ਇਕੱਠਾ ਕੀਤਾ ਹੈ।



# ਸਧਾਰਨ ਆਮ ਪੁੱਛੇ ਜਾਣ ਵਾਲੇ ਸਵਾਲ

ਸਾਡੇ ਕੈਮਰੇ ਦੇ ਨਾਲ, ਅਸੀਂ ਲੋਕਾਂ ਦੇ ਇੱਕ ਲਿਖਤੀ ਸੰਦੇਸ਼ ਦੀਆਂ ਸੀਮਾਵਾਂ ਤੋਂ ਦੂਰ ਇੱਕੋ Snap ਵਿੱਚ ਖੁਦ ਨੂੰ ਪ੍ਰਗਟ ਕਰਨ ਲਈ ਬਹੁਤ ਕੁੱਝ ਕਹਿਣ ਲਈ ਆਪਣੇ ਰਚਨਾਤਮਕ ਔਜ਼ਾਰਾਂ ਦੀ ਵਰਤੋਂ ਕਰਕੇ ਇੱਕ ਵਿਧੀ ਤਿਆਰ ਕੀਤੀ ਹੈ। Snapchat 'ਤੇ, ਤੁਸੀਂ ਉਨ੍ਹਾਂ ਲੋਕਾਂ ਨਾਲ ਬਣੇ ਰਹਿਣ ਲਈ ਆਜਾਦ ਹੋ ਜਿਨ੍ਹਾਂ ਦੀ ਤੁਸੀਂ ਵਧੇਰੇ ਚਿੰਤਾ ਕਰਦੇ ਹੋ। ਇੱਥੇ ਤੁਹਾਡੇ ਸਭ ਤੋਂ ਆਮ ਸਵਾਲਾਂ ਦੇ ਕੁੱਝ ਕੁ ਜਵਾਬ ਦਿੱਤੇ ਗਏ ਹਨ:

## 1 ਇਹ ਐਪ ਕਿਵੇਂ ਕੰਮ ਕਰਦੀ ਹੈ?

ਤੁਹਾਡੇ ਇੱਕ ਖਾਤੇ ਲਈ ਸਾਈਨ-ਅੱਪ ਕਰਨ ਅਤੇ ਆਪਣਾ Bitmoji ਬਣਾਉਣ ਤੋਂ ਬਾਅਦ, ਇਹ ਸਮਾਂ ਲੱਭਣਾ ਸ਼ੁਰੂ ਕਰਨ ਦਾ ਹੈ! Snapchat ਵਿੱਚ 5 ਟੈਬ ਹਨ (ਖੱਬੇ ਤੋਂ ਸੱਜੇ ਵੱਲ): ਨਕਸ਼ਾ, ਚੈਟ, ਕੈਮਰਾ, ਕਹਾਣੀਆਂ ਅਤੇ ਸਪੌਟਲਾਈਟ। Snapchat ਕੈਮਰੇ ਵੱਲ ਨੂੰ ਖੁੱਲ੍ਹਦੀ ਹੈ।

ਇੱਕ ਫ਼ੋਟੋ ਖਿੱਚਣ ਲਈ ਕੈਮਰਾ ਆਈਕਨ 'ਤੇ ਟੈਪ ਕਰੋ ਜਾਂ ਇੱਕ ਵੀਡੀਓ ਲੈਣ ਲਈ ਰੋਕ ਕੇ ਰੱਖੋ। ਤੁਸੀਂ ਦੋਸਤਾਂ ਨੂੰ ਤਸਵੀਰਾਂ ਜਾਂ ਵੀਡੀਓ ਭੇਜ ਸਕਦੇ ਹੋ, ਜਿਨ੍ਹਾਂ ਨੂੰ "Snaps" ਕਹਿੰਦੇ ਹਨ, ਜਿਨ੍ਹਾਂ ਨੂੰ ਅਜਨਬੀਆਂ ਵੱਲੋਂ ਆਸਾਨੀ ਨਾਲ ਸੁਨੇਹਾ ਭੇਜਣ ਲਈ ਤਿਆਰ ਨਹੀਂ ਕੀਤਾ ਗਿਆ ਹੈ। ਜਦੋਂ ਤੁਸੀਂ ਪਹਿਲਾਂ ਇੱਕ ਖਾਤਾ ਬਣਾਉਂਦੇ ਹੋ, ਪੂਰਵ-ਨਿਰਧਾਰਤ ਤੌਰ 'ਤੇ, ਤੁਸੀਂ ਉਸ ਕਿਸੇ ਵਿਅਕਤੀ ਤੋਂ ਇੱਕ ਸੁਨੇਹਾ ਪ੍ਰਾਪਤ ਨਹੀਂ ਕਰ ਸਕਦੇ ਜਿਸ ਨੂੰ ਤੁਸੀਂ ਇੱਕ ਦੋਸਤ ਵਜੋਂ ਸ਼ਾਮਲ ਨਾ ਕੀਤਾ ਹੋਵੇ।

**ਆਪਣੇ ਭਾਵ ਪ੍ਰਗਟ ਕਰੋ!**



ਤੁਸੀਂ ਕਿਸ ਨਾਲ ਚੀਜ਼ਾਂ ਸਾਂਝੀਆਂ ਕਰਦੇ ਹੋ, ਉਨ੍ਹਾਂ ਨੂੰ ਕਿਵੇਂ ਸਾਂਝਾ ਕਰਦੇ ਹੋ, ਅਤੇ ਉਨ੍ਹਾਂ ਨੂੰ Snapchat 'ਤੇ ਕਿੰਨੀ ਦੇਰ ਤੱਕ ਦੇਖਿਆ ਜਾ ਸਕਦਾ ਹੈ, ਇਸ 'ਤੇ ਤੁਹਾਡਾ ਕੰਟਰੋਲ ਹੁੰਦਾ ਹੈ।

## 2 ਤੁਸੀਂ Snaps ਬਾਰੇ ਮੈਨੂੰ ਹੋਰ ਦੱਸੋ?

Snaps ਨੂੰ ਤਤਕਾਲ ਅਤੇ ਆਸਾਨ ਸੰਚਾਰ ਕਰਨ ਲਈ ਤਿਆਰ ਕੀਤਾ ਗਿਆ ਹੈ, ਉਂਝ ਜਿਵੇਂ ਅਸਲ ਜੀਵਨ ਵਾਲੀ ਵਾਰਤਾਲਾਪ! ਇਹੋ ਕਾਰਣ ਹੈ ਜਦੋਂ ਤੁਸੀਂ ਕਿਸੇ ਦੋਸਤ ਨੂੰ ਇੱਕ Snap ਭੇਜਦੇ ਹੋ, Snap ਪੂਰਵ-ਨਿਰਧਾਰਤ ਤੌਰ 'ਤੇ ਮਿਟ ਜਾਂਦੀ ਹੈ, ਜਿਵੇਂ ਉੱਚੀ ਬੋਲੇ ਹੋਏ ਸ਼ਬਦ। ਸਾਨੂੰ ਵਿਸ਼ਵਾਸ਼ ਹੈ ਇਹ ਪ੍ਰਮਾਣਿਤ ਵਾਰਤਾਲਾਪ ਦੇ ਪੱਧਰ ਨੂੰ ਸੰਚਾਲਿਤ ਕਰਦੀ ਹੈ ਜੋ ਅਸੀਂ ਰੋਜ਼ Snapchat 'ਤੇ ਦੇਖਦੇ ਹਾਂ।




ਯਾਦ ਰੱਖੋ, ਹਾਲਾਂਕਿ Snaps ਨੂੰ ਪੂਰਵ-ਨਿਰਧਾਰਤ ਤੌਰ 'ਤੇ ਮਿਟ ਜਾਣ ਲਈ ਤਿਆਰ ਕੀਤਾ ਗਿਆ ਹੈ, ਕੋਈ ਵੀ ਦੋਸਤ ਅਜੇ ਵੀ ਸਕ੍ਰੀਨਸ਼ਾਟ ਲੈ ਸਕਦਾ ਹੈ, ਸਕ੍ਰੀਨ ਨੂੰ ਰਿਕਾਰਡ ਕਰ ਸਕਦਾ ਹੈ, ਜਾਂ ਇਸ ਨੂੰ ਕਿਸੇ ਹੋਰ ਡਿਵਾਈਸ ਨਾਲ ਕੈਪਚਰ ਕਰ ਸਕਦਾ ਹੈ।



## 3 Snap ਦੇ ਸੁਰੱਖਿਆ ਮਿਆਰ ਕਿਹੜੇ ਹਨ?

Snapchat 'ਤੇ ਸਾਰੇ ਵਰਤੋਂਕਾਰਾਂ ਨੂੰ Snap ਦੀਆਂ ਸੇਵਾ ਦੀਆਂ ਮਦਾਂ ਅਤੇ ਜਨਤਕ ਸੇਧਾਂ ਦੀ ਪਾਲਣਾ ਕਰਨੀ ਚਾਹੀਦੀ ਹੈ, ਜਿਹੜਾ ਨਫ਼ਰਤ ਵਾਲੀ ਬੋਲੀ, ਭੇਦਭਾਵ, ਗਲਤ ਜਾਣਕਾਰੀ, ਧੌਂਸਪੁਣਾ, ਸਤਾਪੁਣਾ, ਹਿੰਸਾ ਵਾਲੀ ਸਮੱਗਰੀ, ਅਤੇ ਹੋਰ ਕੁੱਝ ਨੂੰ ਰੋਕਦਾ ਹੈ। Snap ਕੋਲ ਸਮਰਪਿਤ ਟੀਮਾਂ ਹਨ ਜੋ ਇਹ ਨੀਤੀਆਂ ਬਣਾਉਂਦੀਆਂ ਹਨ ਅਤੇ ਇਹਨਾਂ ਨੂੰ ਲਾਗੂ ਕਰਦੀਆਂ ਹਨ।



ਇਹ ਸਿੱਖਣ ਲਈ ਕਿ ਆਪਣੇ ਵਰਤੋਂਕਾਰਾਂ ਨੂੰ ਕਿਵੇਂ ਸੁਰੱਖਿਅਤ ਕਰਨਾ ਹੈ, ਸਾਡੇ ਪਰਦੇਦਾਰੀ ਕੇਂਦਰ ਨੂੰ ਦੇਖੋ।

## 4 ਖਾਤਾ ਬਣਾਉਣ ਲਈ ਕੀ ਕਿਸੇ ਉਮਰ ਦੀ ਲੋੜ ਵੀ ਹੁੰਦੀ ਹੈ?

ਹਾਂ। 13 ਸਾਲ ਤੋਂ ਘੱਟ ਉਮਰ ਵਾਲੇ ਕਿਸੇ ਵੀ ਵਿਅਕਤੀ ਨੂੰ ਖਾਤਾ ਬਣਾਉਣ ਜਾਂ Snapchat ਦੀ ਵਰਤੋਂ ਕਰਨ ਦੀ ਇਜਾਜ਼ਤ ਨਹੀਂ ਹੈ ਅਤੇ ਅਸੀਂ 13 ਸਾਲ ਤੋਂ ਘੱਟ ਉਮਰ ਦੇ ਕਿਸੇ ਵੀ ਵਿਅਕਤੀ ਨੂੰ ਆਪਣੀਆਂ ਸੇਵਾਵਾਂ ਦੀ ਪੇਸ਼ਕਸ਼ ਨਹੀਂ ਕਰਦੇ ਹਾਂ। ਜੇਕਰ ਤੁਹਾਡਾ 13 ਸਾਲ ਤੋਂ ਘੱਟ ਉਮਰ ਵਾਲਾ ਬੱਚਾ Snapchat ਦੀ ਵਰਤੋਂ ਕਰ ਰਿਹਾ ਹੈ, ਤਾਂ ਕਿਰਪਾ ਕਰਕੇ ਆਪਣੇ ਬੱਚੇ ਦੇ ਵਰਤੋਂਕਾਰ-ਨਾਮ ਅਤੇ ਤੁਹਾਡੇ ਰਿਸ਼ਤੇ ਦੀ ਪੁਸ਼ਟੀ ਨਾਲ ਸਾਡੇ ਤੱਕ ਪਹੁੰਚ ਕਰੋ।

## 5 ਆਪਣੇ ਬੱਚੇ ਨੂੰ Snapchat 'ਤੇ ਸੁਰੱਖਿਅਤ ਰੱਖਣ ਵਿੱਚ ਮੈਂ ਕਿਵੇਂ ਮਦਦ ਕਰ ਸਕਦਾ/ਸਕਦੀ ਹਾਂ?

Snapchat ਨੂੰ ਜਾਣਬੁੱਝ ਕੇ ਰਿਵਾਇਤੀ ਸੋਸ਼ਲ ਮੀਡੀਆ ਤੋਂ ਵੱਖਰੇ ਰੂਪ ਵਿੱਚ ਤਿਆਰ ਕੀਤਾ ਗਿਆ ਹੈ - ਉਨ੍ਹਾਂ ਤਰੀਕਿਆਂ ਨਾਲ ਜੋ ਇਸ ਨੂੰ ਸਾਡੇ ਭਾਈਚਾਰੇ ਲਈ ਵਧੇਰੇ ਸੁਰੱਖਿਅਤ ਬਣਾਉਂਦੇ ਹਨ। Snapchat ਦੋਸਤਾਂ ਅਤੇ ਪਿਆਰਿਆਂ ਨਾਲ ਜੁੜਨ ਅਤੇ ਸੰਚਾਰ ਕਰਨ ਲਈ ਇੱਕ ਥਾਂ ਹੈ, ਪਰ ਇਹ ਜਾਣਨਾ ਮਹੱਤਵਪੂਰਣ ਹੈ ਕਿ ਸੁਰੱਖਿਅਤ ਕਿਵੇਂ ਰਿਹਾ ਜਾਏ। ਅਸੀਂ ਆਪਣੀਆਂ ਨੀਤੀਆਂ, ਆਪਣੀ ਟੀਮ, ਅਤੇ ਮਾਂ-ਬਾਪ ਅਤੇ ਸਿੱਖਿਅਕਾਂ ਲਈ ਜਾਣਕਾਰੀ ਬਾਰੇ ਹੋਰ ਸਿੱਖਣ ਲਈ ਸਾਡੇ ਸੁਰੱਖਿਆ ਕੇਂਦਰ 'ਤੇ ਜਾ ਕੇ ਪਤਾ ਕਰਨ ਦਾ ਸੁਝਾਅ ਦਿੰਦੇ ਹਾਂ। ਤੁਹਾਡੇ ਬੱਚਿਆਂ ਲਈ ਕੁਝ ਕੁ ਲਾਭਦਾਇਕ ਸੁਝਾਵਾਂ ਵਿੱਚ ਇਹ ਸ਼ਾਮਲ ਹਨ: ਇੱਕ ਮਜ਼ਬੂਤ ਪਾਸਵਰਡ ਬਣਾਉਣਾ, ਉਨ੍ਹਾਂ ਦੀ ਈਮੇਲ ਅਤੇ ਮੋਬਾਈਲ ਨੰਬਰ ਦੀ ਜਾਂਚ ਕਰਨਾ, ਕੇਵਲ ਉਨ੍ਹਾਂ ਲੋਕਾਂ ਤੋਂ ਦੋਸਤੀ ਲਈ ਬੇਨਤੀਆਂ ਨੂੰ ਸਵੀਕਾਰ ਕਰਨਾ ਜਿਨ੍ਹਾਂ ਨੂੰ ਉਹ ਅਸਲ ਜੀਵਨ ਵਿੱਚ ਜਾਣਦੇ ਹੋਣ, ਅਤੇ ਸਾਡੇ ਜਨਤਕ ਸੇਧਾਂ ਨੂੰ ਪੜ੍ਹਨਾ ਤਾਂ ਕਿ ਉਹ ਉਨ੍ਹਾਂ ਨੂੰ ਫਾਲੋ ਕਰਨ ਲਈ ਆਪਣੇ ਦੋਸਤਾਂ ਦੀ ਮਦਦ ਵੀ ਕਰ ਸਕਣ!

**" ਜਿਨ੍ਹਾਂ ਲੋਕਾਂ ਨੂੰ ਤੁਸੀਂ ਅਸਲ ਜ਼ਿੰਦਗੀ ਵਿੱਚ ਜਾਣਦੇ ਹੋ ਸਿਰਫ਼ ਉਨ੍ਹਾਂ ਲੋਕਾਂ ਤੋਂ ਦੋਸਤੀ ਲਈ ਬੇਨਤੀਆਂ ਸਵੀਕਾਰ ਕਰੋ। "**



## 6 ਸੁਰੱਖਿਆ ਸੰਬੰਧੀ ਚਿੰਤਾ ਬਾਰੇ ਮੈਂ ਕਿਵੇਂ ਰਿਪੋਰਟ ਕਰਾਂ?

ਗਲਤ ਵਰਤੋਂਕਾਰਾਂ ਅਤੇ ਸਮੱਗਰੀ ਦੀ ਪਛਾਣ ਕਰਨ ਲਈ ਅਸੀਂ ਐਪ-ਵਿਚਲੀਆਂ ਰਿਪੋਰਟਾਂ ਅਤੇ ਔਫ਼-ਪਲੇਟਫਾਰਮ ਫੀਡਬੈਕ ਰਾਹੀਂ ਜੁੜੇ ਰਹਿਣ ਲਈ ਇਸ ਨੂੰ ਆਪਣੇ ਭਾਈਚਾਰੇ ਲਈ ਸੁਖ਼ਾਲਾ ਬਣਾਉਂਦੇ ਹਾਂ। ਵਰਤੋਂਕਾਰ ਕਿਸੇ ਵੀ ਸਮੱਗਰੀ ਬਾਰੇ ਐਪ-ਵਿਚਲੀ ਰਿਪੋਰਟਿੰਗ, ਸਾਡੀ ਸਹਾਇਤਾ ਪੋਰਟਲ, ਅਤੇ Snapchat ਸਹਾਇਤਾ Twitter ਖਾਤੇ ਰਾਹੀਂ ਰਿਪੋਰਟ ਕਰ ਸਕਦੇ ਹਨ। Snapchat ਵਿੱਚ ਸੁਧਾਰ ਕਰਨ ਲਈ ਅਸੀਂ ਆਪਣੀਆਂ ਜਨਤਕ ਸੇਧਾਂ ਅਤੇ ਸਮੁੱਚੀ ਫੀਡਬੈਕ ਅਨੁਸਾਰ ਕਾਰਵਾਈ ਕਰਦੇ ਹਾਂ।

**ਨੋਟ:** ਜੇਕਰ ਤੁਹਾਨੂੰ ਲੱਗਦਾ ਹੈ ਕਿ ਕੋਈ ਵਿਅਕਤੀ ਤੁਰੰਤ ਖ਼ਤਰੇ ਵਿੱਚ ਹੈ, ਤਾਂ ਤੁਰੰਤ ਆਪਣੀ ਸਥਾਨਕ ਕਾਨੂੰਨ ਲਾਗੂਕਰਨ ਏਜੰਸੀ ਨਾਲ ਸੰਪਰਕ ਕਰੋ।



**" ਅਸੀਂ ਪ੍ਰਭਾਵਕਾਰੀ ਸੇਧਾਂ ਤਿਆਰ ਕਰਨ, ਆਪਣੇ Snapchatters ਨੂੰ ਸੁਰੱਖਿਅਤ ਕਰਨ, ਅਤੇ ਰਚਨਾਤਮਕਤਾ ਅਤੇ ਸਵੈ ਪ੍ਰਕਟੀਕਰਣ ਲਈ ਇੱਕ ਸੁਰੱਖਿਅਤ, ਮਜ਼ੇ ਵਾਲਾ ਮਾਹੌਲ ਬਣਾਉਣ ਵਿੱਚ ਧਿਆਨ ਕੇਂਦਰਿਤ ਕਰ ਰਹੇ ਹਾਂ। ਜੇਕਰ ਤੁਹਾਡੇ ਬੱਚੇ ਕਦੇ ਵੀ ਸੁਰੱਖਿਆ ਸੰਬੰਧੀ ਚਿੰਤਾ ਅਨੁਭਵ ਕਰ ਰਹੇ ਹੋਣ, ਤਾਂ ਉਨ੍ਹਾਂ ਨੂੰ ਹਮੇਸ਼ਾਂ ਸਾਨੂੰ ਰਿਪੋਰਟ ਕਰਨੀ ਚਾਹੀਦੀ ਹੈ। "**



# Snapchat ਦੀ ਵਰਤੋਂ ਕਿਵੇਂ ਕਰੀਏ ਪ੍ਰਮੁੱਖ ਵਿਸ਼ੇਸ਼ਤਾਵਾਂ

ਐਪ ਨੂੰ ਨੈਵੀਗੇਟ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ, ਹੇਠਾਂ Snapchat ਦੇ ਕੁੱਝ ਮੂਲ ਤੱਤਾਂ ਦੀ ਜਾਂਚ ਕਰੋ। ਵਿਸ਼ੇਸ਼ਤਾਵਾਂ ਦੀ ਇੱਕ ਪੂਰੀ ਸੂਚੀ ਲਈ, ਪੰਨਾ 12 'ਤੇ ਸਾਡੀ Snap ਸ਼ਬਦਾਵਲੀ ਨੂੰ ਦੇਖੋ।

**ਪਹਿਲੀ ਚੀਜ਼ ਪਹਿਲਾਂ**: ਫ਼ੋਟੋ ਅਤੇ ਵੀਡੀਓ ਸੁਨੇਹਿਆਂ ਨੂੰ ਭੇਜਣ ਤੋਂ ਇਲਾਵਾ Snapchat 'ਤੇ ਕਰਨ ਲਈ ਹੋਰ ਬਹੁਤ ਕੁੱਝ ਹੈ। ਇਸ ਐਪ ਵਿੱਚ 5 ਟੈਬ ਹਨ (ਖੱਬਿਓਂ ਸੱਜੇ ਵੱਲ ਨੂੰ): Snap ਨਕਸ਼ਾ, ਚੈਟ, ਕੈਮਰਾ, ਕਹਾਣੀਆਂ ਅਤੇ ਸਪੌਟਲਾਈਟ।



## Snap ਨਕਸ਼ਾ:

Snap ਨਕਸ਼ਾ ਸਾਡੇ ਭਾਈਚਾਰੇ ਨੂੰ ਉਨ੍ਹਾਂ ਦੇ ਪੱਕੇ ਦੋਸਤਾਂ ਅਤੇ ਦੁਨੀਆ ਭਰ ਦੀਆਂ ਵੱਖ-ਵੱਖ ਥਾਵਾਂ ਨਾਲ ਜੋੜਦਾ ਹੈ। ਜਿਵੇਂ ਸਾਡੇ ਸਾਰੇ ਉਤਪਾਦਾਂ ਨਾਲ ਹੁੰਦਾ ਹੈ, Snap ਨਕਸ਼ਾ ਪਰਦੇਦਾਰੀ ਨੂੰ ਧਿਆਨ ਵਿੱਚ ਰੱਖ ਕੇ ਬਣਾਇਆ ਗਿਆ ਸੀ, ਅਤੇ ਸਥਾਨ-ਸਾਂਝਾਕਰਨ ਸਾਰੇ ਵਰਤੋਂਕਾਰਾਂ ਲਈ ਪੂਰਵ-ਨਿਰਧਾਰਤ ਤੌਰ 'ਤੇ ਬੰਦ ਹੁੰਦਾ ਹੈ। ਜਦੋਂ Snapchatter ਪਹਿਲੀ ਵਾਰ Snap ਨਕਸ਼ਾ ਖੋਲ੍ਹਦਾ ਹੈ, ਤਾਂ ਉਨ੍ਹਾਂ ਨੂੰ ਇਹ ਚੋਣ ਕਰਨ ਲਈ ਕਿਹਾ ਜਾਂਦਾ ਹੈ, ਕਿ ਉਹ ਟਿਕਾਣੇ ਨੂੰ ਕਿਨ੍ਹਾਂ ਨਾਲ ਸਾਂਝਾ ਕਰਨਾ ਚਾਹੁੰਦੇ ਹਨ - ਭਾਵੇਂ ਕਿ ਉਨ੍ਹਾਂ ਦੇ ਸਾਰੇ ਦੋਸਤ ਹੋਣ, ਜਾਂ ਕੁੱਝ ਕੁ ਦੋਸਤ ਹੋਣ, ਜਾਂ ਕੋਈ ਵੀ ਨਹੀਂ (ਭੂਤੀਆ ਮੋਡ)। Snap ਨਕਸ਼ੇ 'ਤੇ ਥਾਵਾਂ Snapchatters ਨੂੰ ਕਾਰੋਬਾਰ ਦੇ ਸਮਿਆਂ ਅਤੇ ਸਮੀਖਿਆਵਾਂ ਨੂੰ ਦੇਖਣ, ਆਰਡਰ ਕਰਨ ਅਤੇ ਲੈਣ ਅਤੇ ਡਿਲਿਵਰੀ ਕਰਨ ਦੇ ਯੋਗ ਬਣਾਉਂਦਾ ਹੈ।



## ਚੈਟ:

ਬਿਲਕੁਲ ਸ਼ੁਰੂ ਤੋਂ, ਅਸੀਂ ਅਸਲ ਦੋਸਤਾਂ ਨੂੰ ਮਿਲਾਉਣ ਵਿੱਚ ਮਦਦ ਕਰਨ ਲਈ ਜਦੋਂ ਉਹ ਅਲੱਗ ਹੁੰਦੇ ਹਨ, ਅਤੇ ਉਸ ਸਮੇਂ 'ਤੇ ਉਨ੍ਹਾਂ ਦੇ ਪ੍ਰਕਟੀਕਰਣ ਨੂੰ ਸੁਖਦਾਈ ਮਹਿਸੂਸ ਕਰਾਉਣ 'ਤੇ ਧਿਆਨ ਦੇ ਰਹੇ ਹਾਂ। Snapchat ਵੀਡੀਓ, ਫ਼ੋਟੋ, ਆਡੀਓ ਅਤੇ ਟੈਕਸਟ ਚੈਟ ਦੇ ਨਾਲ ਨਾਲ ਫ਼ੋਨ ਅਤੇ ਵੀਡੀਓ ਕਾਲਾਂ ਕਰਨ ਵਿੱਚ ਸੁਵਿਧਾ ਪ੍ਰਦਾਨ ਕਰਦੀ ਹੈ। ਸੁਨੇਹਿਆਂ ਨੂੰ ਪੂਰਵ-ਨਿਰਧਾਰਤ ਤੌਰ 'ਤੇ ਮਿਟਾ ਦਿੱਤਾ ਜਾਂਦਾ ਹੈ, ਅਤੇ ਵਰਤੋਂਕਾਰ ਕਿਸੇ ਕੋਲੋਂ ਸਿੱਧੀ ਚੈਟ ਪ੍ਰਾਪਤ ਨਹੀਂ ਕਰ ਸਕਦਾ ਜਿਨ੍ਹਾਂ ਦਾ ਉਹ ਪਹਿਲਾਂ ਤੋਂ ਹੀ ਦੋਸਤ ਨਾ ਹੋਵੇ।



## ਕੈਮਰਾ:

Snapchat ਕੈਮਰੇ ਨੂੰ ਸਵੈਚਲਿਤ ਰੂਪ ਵਿੱਚ ਖੋਲ੍ਹਦੀ ਹੈ। ਇਹ ਉਹ ਥਾਂ ਹੈ ਜਿੱਥੇ ਤੁਸੀਂ Snaps ਲੈ ਸਕਦੇ ਹੋ — ਜਿਹੜੇ ਵੀਡੀਓ ਜਾਂ ਫ਼ੋਟੋਆਂ ਹੁੰਦੇ ਹਨ। ਇੱਕ Snap ਖਿੱਚਣ ਤੋਂ ਬਾਅਦ, ਇਸ ਨੂੰ ਰਚਨਾਤਮਕ ਔਜ਼ਾਰ ਨਾਲ ਫ਼ਿਲਟਰ, ਟੈਕਸਟ, ਸਟਿੱਕਰ, ਅਟੈਚਮੈਂਟਾਂ ਅਤੇ ਹੋਰ ਕੁਝ ਦਿੱਤਾ ਜਾ ਸਕਦਾ ਹੈ। Snap 'ਤੇ ਇਹ ਕੁਝ ਕੀਤਾ ਜਾ ਸਕਦਾ ਹੈ:

- Chat ਵਿੱਚ ਭੇਜਣਾ
- 'ਯਾਦਾਂ' ਵਿੱਚ ਸੁਰੱਖਿਅਤ ਕਰਨਾ
- ਮੇਰੀ ਕਹਾਣੀ ਵਿੱਚ ਸ਼ਾਮਲ ਜਾਂ ਇੱਕ ਨਿੱਜੀ ਕਹਾਣੀ ਜਾਂ ਵਿਉਂਤਬੱਧ ਕਹਾਣੀ ਬਣਾਉਣਾ
- ਮਿਟਾਉਣਾ



Snapchat Snaps ਅਤੇ ਚੈਟ ਨੂੰ ਕਦੋਂ ਮਿਟਾਉਂਦੀ ਹੈ, ਇਸ ਬਾਰੇ ਹੋਰ ਜਾਣਕਾਰੀ ਲੈਣ ਲਈ, ਕਿਰਪਾ ਕਰਕੇ ਸਾਡੇ ਸਹਾਇਤਾ ਲੇਖ 'ਤੇ ਇੱਥੇ ਜਾਓ। ਇਨ੍ਹਾਂ ਸ਼ਬਦਾਂ ਬਾਰੇ ਹੋਰ ਜਾਣਕਾਰੀ ਲੈਣ ਲਈ ਪੰਨਾ 12 ਨੂੰ ਦੇਖੋ।

## ਕਹਾਣੀਆਂ:

ਇਹ ਉਹ ਥਾਂ ਹੈ ਜਿੱਥੇ Snapchatters ਆਪਣੇ ਦੋਸਤਾਂ, ਰਚਨਕਾਰਾਂ, ਅਤੇ ਵਿਸ਼ਾਲ Snapchat ਭਾਈਚਾਰੇ ਵੱਲੋਂ ਕਹਾਣੀਆਂ ਨੂੰ ਦੇਖ ਸਕਦੇ ਹਨ! ਇਹ ਉਹ ਥਾਂ ਵੀ ਹੈ ਜਿੱਥੇ ਤੁਸੀਂ Discover ਅਤੇ "ਤੁਹਾਡੇ ਲਈ" ਵਿਕਲਪ ਤੋਂ ਗਾਹਕੀਆਂ ਨੂੰ ਦੇਖ ਸਕਦੇ ਹੋ।

## ਸਪੌਟਲਾਈਟ:

Snapchat ਭਾਈਚਾਰੇ ਵੱਲੋਂ ਬਣਾਏ ਗਏ ਸਭ ਤੋਂ ਵੱਧ ਮਨੋਰੰਜਕ Snaps ਨੂੰ ਸਪੌਟਲਾਈਟ ਨਾਲ ਚਮਕਾਉਂਦੀ ਹੈ। ਸਮੱਗਰੀ ਦੇ ਵਿਚਕਾਰ ਜਾਣ ਲਈ ਉੱਪਰ ਅਤੇ ਹੇਠਾਂ ਵੱਲ ਸਵਾਈਪ ਕਰਕੇ ਪੜਚੋਲ ਕਰੋ। ਜੇ ਤੁਸੀਂ ਕੁਝ ਅਜਿਹਾ ਦੇਖਦੇ ਹੋ ਜਿਸ ਨੂੰ ਤੁਸੀਂ ਹੋਰ ਦੇਖਣਾ ਚਾਹੁੰਦੇ ਹੋ, ਤਾਂ ਇਸ ਨੂੰ ਮਨਪਸੰਦ ਬਣਾਉਣ ਲਈ ਦਿਲ 'ਤੇ ਟੈਪ ਕਰੋ ਅਤੇ ਆਪਣੀ ਫ਼ੀਡ ਨੂੰ ਨਿਜੀ ਬਣਾਓ!





# Snapchat 'ਤੇ ਪਰਦੇਦਾਰੀ

## ਸਾਡੇ ਪਰਦੇਦਾਰੀ ਸਿਧਾਂਤ





Snap 'ਤੇ, ਅਸੀਂ ਤੁਹਾਡੀ ਪਰਦੇਦਾਰੀ ਨੂੰ ਪਹਿਲ ਬਣਾਉਂਦੇ ਹਾਂ। ਅਸੀਂ ਜਾਣਦੇ ਹਾਂ ਕਿ ਤੁਹਾਡੇ ਭਰੋਸੇ ਨੂੰ ਹਰ ਵਾਰ ਜਿੱਤਿਆ ਜਾਂਦਾ ਹੈ ਜਦੋਂ ਤੁਸੀਂ Snapchat ਜਾਂ ਸਾਡੇ ਕਿਸੇ ਦੂਜੇ ਉਤਪਾਦਾਂ ਦੀ ਵਰਤੋਂ ਕਰਦੇ ਹੋ - ਇਹੋ ਕਾਰਣ ਹੈ ਕਿ ਅਸੀਂ ਤੁਹਾਡੀ ਜਾਣਕਾਰੀ ਨੂੰ ਹੋਰ ਦੂਜੀਆਂ ਬਹੁਤ ਸਾਰੀਆਂ ਤਕਨੀਕੀ ਕੰਪਨੀਆਂ ਨਾਲੋਂ ਵੱਖਰੇ ਤੌਰ 'ਤੇ ਵਰਤਦੇ ਹਾਂ।

ਭਾਵੇਂ ਕਿ ਸਾਡੇ ਉਤਪਾਦ ਲਗਾਤਾਰ ਵਿਕਸਿਤ ਹੋ ਰਹੇ ਹਨ, ਸਾਡੇ ਪਰਦੇਦਾਰੀ ਸਿਧਾਂਤ ਉਹ ਹੀ ਹਨ:

- ਅਸੀਂ ਇਮਾਨਦਾਰੀ ਨਾਲ ਅਤੇ ਖੁੱਲ੍ਹੇ ਤੌਰ 'ਤੇ ਸੰਚਾਰ ਕਰਦੇ ਹਾਂ
- ਤੁਸੀਂ ਚੋਣ ਕਰਦੇ ਹੋ ਕਿ ਆਪਣੇ ਆਪ ਨੂੰ ਕਿਵੇਂ ਪ੍ਰਕਟ ਕਰਨਾ ਹੈ
- ਅਸੀਂ ਪਰਦੇਦਾਰੀ ਨੂੰ ਧਿਆਨ ਵਿੱਚ ਰੱਖਕੇ ਡਿਜ਼ਾਇਨ ਕਰਦੇ ਹਾਂ
- ਤੁਸੀਂ ਆਪਣੀ ਜਾਣਕਾਰੀ ਨੂੰ ਕੰਟਰੋਲ ਕਰਦੇ ਹੋ

ਅਸੀਂ ਤੁਹਾਡੀ ਪਰਦੇਦਾਰੀ ਨੂੰ ਵੱਡੀ ਪਹਿਲ ਕਿਵੇਂ ਬਣਾਉਂਦੇ ਹਾਂ ਇਸ ਬਾਰੇ ਹੋਰ ਜਾਣਨ ਲਈ, ਸਾਡਾ ਪਰਦੇਦਾਰੀ ਕੇਂਦਰ ਦੇਖੋ, ਜਿੱਥੇ ਤੁਹਾਨੂੰ ਸਾਡੇ ਪਰਦੇਦਾਰੀ ਸਿਧਾਂਤਾਂ, ਸਾਡੀ ਪਰਦੇਦਾਰੀ ਬਾਰੇ ਨੀਤੀ 'ਤੇ ਹੋਰ ਵੇਰਵੇ ਮਿਲਣਗੇ ਅਤੇ ਜੇਕਰ ਤੁਸੀਂ ਮੁੱਖ ਮੁੱਦਿਆਂ ਦੇ ਸੰਖੇਪ ਦੀ ਭਾਲ ਕਰ ਰਹੇ ਹੋ ਤਾਂ ਕਿਰਪਾ ਕਰਕੇ ਤੁਹਾਡੀ ਪਰਦੇਦਾਰੀ, ਵਿਆਖਿਆ ਦੀ ਸਮੀਖਿਆ ਕਰੋ।

# Snapchat 'ਤੇ ਸੁਰੱਖਿਅਤ ਰਹਿਣਾ

## ਸੁਰੱਖਿਆ ਦੇ ਲਾਭਦਾਇਕ ਸੁਝਾਅ

Snapchat ਦੋਸਤਾਂ ਅਤੇ ਪਿਆਰਿਆਂ ਨਾਲ ਜੁੜਨ ਅਤੇ ਸੰਚਾਰ ਕਰਨ ਦੀ ਇੱਕ ਥਾਂ ਹੈ, ਪਰ ਇਹ ਜਾਣਨਾ ਵੀ ਮਹੱਤਵਪੂਰਣ ਹੈ ਕਿ ਸੁਰੱਖਿਅਤ ਕਿਵੇਂ ਰਿਹਾ ਜਾਏ। ਸਾਡੀਆਂ ਪਾਲਿਸੀਆਂ, ਸਾਡੀ ਟੀਮ, ਅਤੇ ਮਾਂ-ਬਾਪ ਅਤੇ ਸਿੱਖਿਅਕਾਂ ਲਈ ਜਾਣਕਾਰੀ ਲਈ ਅਸੀਂ ਸਾਡੇ ਸੁਰੱਖਿਆ ਕੇਂਦਰ ਨੂੰ ਦੇਖਣ ਦਾ ਸੁਝਾਅ ਦਿੰਦੇ ਹਾਂ। ਧਿਆਨ ਵਿੱਚ ਰੱਖੋ, Snapchat 13+ ਉਮਰ ਦੇ ਬੱਚਿਆਂ ਲਈ ਹੈ।

ਅਸੀਂ ਉਨ੍ਹਾਂ Snapchatters ਲਈ ਐਪ ਅੰਦਰ ਸਹਾਇਤਾ ਦੀ ਪੇਸ਼ਕਸ਼ ਵੀ ਕਰਦੇ ਹਾਂ ਜਿਹੜੇ ਦਿਮਾਗੀ ਸਿਹਤ ਜਾਂ ਭਾਵਨਾਤਮਕ ਸੰਕਟ ਦਾ ਸਾਹਮਣਾ ਕਰ ਰਹੇ ਹੋਣ, ਜਾਂ ਉਹ ਜੋ ਇਨ੍ਹਾਂ ਮੁੱਦਿਆਂ ਬਾਰੇ ਹੋਰ ਸਿੱਖਣ ਲਈ ਉਤਸੁਕ ਹੋਣ ਅਤੇ ਉਹ ਉਨ੍ਹਾਂ ਨਾਲ ਨਿਪਟਣ ਲਈ ਆਪਣੇ ਦੋਸਤਾਂ ਦੀ ਮਦਦ ਕਿਵੇਂ ਕਰ ਸਕਦੇ ਹਨ। ਸਾਡਾ 'ਇੱਥੇ ਤੁਹਾਡੇ ਲਈ' ਟੂਲ ਮਾਹਰਾਂ ਨਾਲ ਬਣਾਏ ਗਏ ਸੁਰੱਖਿਆ ਸਰੋਤ ਪ੍ਰਦਾਨ ਕਰਦਾ ਹੈ ਜਦੋਂ Snapchatters ਚਿੰਤਾ, ਉਦਾਸੀ, ਤਣਾਅ, ਸੋਗ, ਆਤਮ ਹੱਤਿਆ ਦੇ ਵਿਚਾਰ, ਅਤੇ ਧੌਂਸਪੁਣੇ ਨਾਲ ਸੰਬੰਧਿਤ ਵਿਚਾਰਾਂ ਸਮੇਤ ਕੁਝ ਕੁ ਮੁੱਦਿਆਂ ਦੀ ਤਲਾਸ਼ ਕਰਦੇ ਹਨ।

Snapchat 'ਤੇ ਸੁਰੱਖਿਅਤ ਰਹਿਣ ਲਈ ਇੱਥੇ ਕੁੱਝ ਕੁ ਸੁਝਾਅ ਦਿੱਤੇ ਗਏ ਹਨ!

1 **ਇੱਕ ਮਜ਼ਬੂਤ ਪਾਸਵਰਡ ਚੁਣੋ**: ਅਜਿਹਾ ਇੱਕ ਪਾਸਵਰਡ ਚੁਣੋ ਜੋ ਘੱਟੋ ਘੱਟ 8 ਅੱਖਰ ਲੰਮਾ ਹੋਵੇ, ਅਤੇ ਨਿੱਜੀ ਜਾਣਕਾਰੀ ਸ਼ਾਮਲ ਨਾ ਕਰੋ, ਜਿਵੇਂ ਤੁਹਾਡਾ ਨਾਮ, ਵਰਤੋਂਕਾਰ-ਨਾਮ, ਫ਼ੋਨ ਨੰਬਰ, ਜਾਂ ਜਨਮਦਿਨ। ਆਪਣੇ ਪਾਸਵਰਡ ਵਿੱਚ ਸੰਖਿਆਵਾਂ, ਚਿੰਨ੍ਹ, ਅਤੇ ਵੱਡੇ ਅਤੇ ਛੋਟੇ ਅੱਖਰ ਸ਼ਾਮਲ ਕਰੋ। ਆਪਣੇ ਪਾਸਵਰਡ ਨੂੰ ਦੂਜਿਆਂ ਨਾਲ ਸਾਂਝਾ ਨਾ ਕਰੋ, ਅਤੇ ਦੂਜੀਆਂ ਐਪਾਂ ਜਾਂ ਵੈੱਬਸਾਈਟਾਂ ਲਈ ਉਹੀ ਪਾਸਵਰਡ ਨਾ ਵਰਤੋ।

2 **ਆਪਣੀ ਈਮੇਲ ਅਤੇ ਮੋਬਾਈਲ ਨੰਬਰ ਦੀ ਪੁਸ਼ਟੀ ਕਰੋ**: ਇਹ ਪੁਸ਼ਟੀ ਕਰੋ ਕਿ ਤੁਹਾਡੇ ਖਾਤੇ ਨਾਲ ਜੁੜਿਆ ਈਮੇਲ ਪਤਾ ਅਤੇ ਮੋਬਾਈਲ ਨੰਬਰ Snapchat ਸੈਟਿੰਗਾਂ ਵਿੱਚ ਸਹੀ ਹਨ।

3 **ਦੋ-ਕਾਰਕ ਪ੍ਰਮਾਣਿਕਤਾ ਸਥਾਪਿਤ ਕਰੋ**: ਪੁਸ਼ਟੀ ਕਰਨ ਲਈ ਇਹ ਇੱਕ ਵਿਕਲਪਿਕ ਸੁਰੱਖਿਆ ਵਿਸ਼ੇਸ਼ਤਾ ਹੈ ਕਿ ਇਹ ਸਚਮੁੱਚ ਤੁਸੀਂ ਹੋ ਜਦੋਂ ਤੁਸੀਂ ਆਪਣੇ Snapchat ਖਾਤੇ ਵਿੱਚ ਲੌਗ ਇਨ ਕਰਦੇ ਹੋ! ਇਹ ਤੁਹਾਡੇ ਖਾਤੇ ਨੂੰ ਹੋਰ ਸੁਰੱਖਿਅਤ ਬਣਾਉਂਦਾ ਹੈ। ਇੱਥੋਂ ਹੋਰ ਜਾਣੋ।

4 **ਇਸ ਨੂੰ ਦੋਸਤਾਂ ਵਿਚਕਾਰ ਰੱਖੋ**: Snapchat ਤੁਹਾਨੂੰ ਤੁਹਾਡੇ ਨਜ਼ਦੀਕੀ ਦੋਸਤਾਂ ਨਾਲ ਜੋੜ ਕੇ ਰੱਖਣ ਲਈ ਤਿਆਰ ਕੀਤੀ ਗਈ ਸੀ। ਅਸੀਂ ਸੁਝਾਅ ਦਿੰਦੇ ਹਾਂ ਕਿ ਤੁਸੀਂ ਉਹਨਾਂ ਲੋਕਾਂ ਦੇ ਦੋਸਤ ਬਣੋ ਜਾਂ ਉਹਨਾਂ ਲੋਕਾਂ ਤੋਂ ਦੋਸਤੀ ਦੀਆਂ ਬੇਨਤੀਆਂ ਨੂੰ ਸਵੀਕਾਰ ਕਰੋ ਜਿਨ੍ਹਾਂ ਨੂੰ ਅਸਲ ਜੀਵਨ ਵਿੱਚ ਜਾਣਦੇ ਹੋਵੋ। ਆਪਣੇ ਬੱਚਿਆਂ ਨੂੰ ਯਾਦ ਕਰਵਾਓ ਕਿ ਉਸ ਵਿਅਕਤੀ ਨਾਲ ਮਿਲਣਾ ਸੁਰੱਖਿਅਤ ਨਹੀਂ ਜਿਨ੍ਹਾਂ ਨੂੰ ਉਹ ਆਨਲਾਈਨ ਮਿਲਦੇ ਹਨ!

5 **ਆਪਣੀਆਂ ਪਰਦੇਦਾਰੀ ਦੀਆਂ ਸੈਟਿੰਗਾਂ ਦੀ ਜਾਂਚ ਕਰੋ**: ਆਪਣੀਆਂ ਸੈਟਿੰਗਾਂ ਵਿੱਚ ਚੁਣੋ ਕਿ ਤੁਸੀਂ Snaps ਕਿਨ੍ਹਾਂ ਨੂੰ ਭੇਜ ਸਕਦੇ ਹੋ, ਤੁਹਾਡੀਆਂ ਕਹਾਣੀਆਂ ਕੌਣ ਦੇਖ ਸਕਦੇ ਹਨ, Snap ਨਕਸ਼ੇ 'ਤੇ ਤੁਹਾਡੇ ਟਿਕਾਣੇ ਨੂੰ ਕੌਣ ਦੇਖ ਸਕਦਪੂਰਵ-ਨਿਰਧਾਰਤ ਤੌਰ 'ਤੇ, ਸਿਰਫ਼ ਤੁਹਾਡੇ ਦੋਸਤ ਹੀ ਤੁਹਾਡੇ ਨਾਲ ਸਿੱਧਾ ਸੰਪਰਕ ਕਰ ਸਕਦੇ ਹਨ ਜਾਂ ਤੁਹਾਡੀ ਕਹਾਣੀ ਨੂੰ ਵੇਖ ਸਕਦੇ ਹਨ।

6 **ਨਕਸ਼ੇ 'ਤੇ ਆਪਣੇ ਟਿਕਾਣੇ ਨੂੰ ਵਿਉਂਤਬੱਧ ਕਰੋ**: ਤੁਸੀਂ ਆਪਣੇ ਸਾਰੇ ਦੋਸਤਾਂ ਨਾਲ ਆਪਣੇ ਟਿਕਾਣੇ ਨੂੰ ਸਾਂਝਾ ਕਰਨ ਨੂੰ ਚੁਣ ਸਕਦੇ ਹੋ ਜਿਨ੍ਹਾਂ ਨੂੰ ਵਾਪਸ ਸ਼ਾਮਲ ਕੀਤਾ ਹੈ, ਸਿਰਫ਼ ਕੁਝ ਕੁ ਚੁਣਿੰਦਾ ਦੋਸਤਾਂ ਦੇ ਗਰੁੱਪ ਨੂੰ, ਜਾਂ ਤੁਸੀਂ ਆਪਣੇ ਭੂਤੀਆ ਮੋਡ ਨੂੰ ਵੀ ਚਾਲੂ ਕਰ ਸਕਦੇ ਹੋ ਜਦੋਂ ਤੁਸੀਂ ਗਰਿੱਡ ਨੂੰ ਬੰਦ ਕਰਨਾ ਚਾਹੁੰਦੇ ਹੋਵੋ। Snap ਨਕਸ਼ਾ ਤੁਹਾਡੇ ਟਿਕਾਣੇ ਨੂੰ ਕੇਵਲ ਤਦ ਹੀ ਅੱਪਡੇਟ ਕਰਦਾ ਹੈ ਜਦੋਂ ਤੁਸੀਂ ਐਪ ਦੀ ਵਰਤੋਂ ਕਰ ਰਹੇ ਹੋਵੋ, ਅਤੇ ਤੁਸੀਂ ਸਿਰਫ਼ ਉਨ੍ਹਾਂ ਲੋਕਾਂ ਨਾਲ ਟਿਕਾਣੇ ਨੂੰ ਸਾਂਝਾ ਕਰਦੇ ਹੋ ਜਿਨ੍ਹਾਂ ਨਾਲ ਤੁਸੀਂ ਇਸ ਨੂੰ ਸਾਂਝਾ ਕਰਨਾ ਚਾਹੁੰਦੇ ਹੋਵੋ!

7 **ਬਦਲੋ ਕਿ ਮੇਰੀ ਕਹਾਣੀ ਨੂੰ ਕੌਣ ਦੇਖ ਸਕਦਾ ਹੈ:** ਪੂਰਵ-ਨਿਰਧਾਰਿਤ ਪਰਦੇਦਾਰੀ ਸੈਟਿੰਗ ਉਹ ਹੁੰਦੀ ਹੈ ਕਿ ਸਿਰਫ਼ ਉਹ Snapchatters ਹੀ ਤੁਹਾਡੀ ਕਹਾਣੀ ਨੂੰ ਦੇਖ ਸਕਦੇ ਹਨ ਜਿਨ੍ਹਾਂ ਨੂੰ ਤੁਸੀਂ ਸ਼ਾਮਲ ਕੀਤਾ ਹੋਵੇ। ਜਦੋਂ ਤੁਸੀਂ ਆਪਣੀ ਕਹਾਣੀ 'ਤੇ ਇੱਕ Snap ਪੋਸਟ ਕਰਦੇ ਹੋ ਤਾਂ ਤੁਹਾਡੀ ਪਰਜਦੇਦਾਰੀ ਸੈਟਿੰਗਾਂ, ਉਸ Snap ਲਈ ਰਹਿਣਗੀਆਂ, ਭਾਵੇਂ ਤੁਸੀਂ ਬਾਅਦ ਵਿੱਚ ਸੈਟਿੰਗਾਂ ਨੂੰ ਬਦਲ ਦਿੰਦੇ ਹੋ।

8 **Snapchat 'ਤੇ ਦੁਰਵਿਵਹਾਰ ਦੀ ਰਿਪੋਰਟ ਕਰੋ**: ਤੁਸੀਂ ਸਤਾਪੁਣਾ, ਧੌਂਸਪੁਣਾ, ਜਾਂ ਸੁਰੱਖਿਆ ਦੇ ਕਿਸੇ ਵੀ ਹੋਰ ਚਿੰਤਾ ਸਮੇਤ, Snapchat 'ਤੇ ਹਮੇਸ਼ਾਂ ਕਿਸੇ ਵੀ ਦੁਰਵਿਵਹਾਰ ਬਾਰੇ ਰਿਪੋਰਟ ਕਰ ਸਕਦੇ ਹੋ। ਜੇਕਰ ਤੁਹਾਨੂੰ ਕੋਈ ਸਤਾਉਂਦਾ ਹੋਵੇ, ਤਾਂ ਤੁਸੀਂ ਉਸ Snapchatter ਨੂੰ ਬਲਾਕ ਨੂੰ ਕਰ ਸਕਦੇ ਹੋ ਅਤੇ ਕਿਸੇ ਵੀ ਗਰੁੱਪ ਚੈਟ ਨੂੰ ਛੱਡ ਸਕਦੇ ਹੋ। ਰਿਪੋਰਟ ਕਰਨ ਲਈ, Snap ਜਾਂ ਕਹਾਣੀ ਨੂੰ ਦਬਾਓ ਅਤੇ ਦਬਾਈ ਰੱਖੋ ਅਤੇ ਫਿਰ “Snap ਰਿਪੋਰਟ ਕਰੋ” ਬਟਨ 'ਤੇ ਟੈਪ ਕਰਨਾ ਚੁਣੋ।

9 **ਦੋਸਤਾਂ ਨੂੰ ਹਟਾਉਣ ਅਤੇ ਬਲੌਕ ਕਰਵਾਉਣ ਵਿੱਚ ਫ਼ਰਕ**: ਜਦੋਂ ਤੁਸੀਂ ਕਿਸੇ ਵਿਅਕਤੀ ਨੂੰ ਆਪਣੀ ਦੋਸਤ ਸੂਚੀ ਤੋਂ ਹਟਾਉਂਦੇ ਹੋ, ਤਾਂ ਉਹ ਤੁਹਾਡੀ ਕਿਸੇ ਵੀ ਨਿੱਜੀ ਕਹਾਣੀ ਨੂੰ ਦੇਖਣ ਦੇ ਯੋਗ ਨਹੀਂ ਹੁੰਦੇ ਹਨ, ਪਰ ਉਹ ਉਸ ਕਿਸੇ ਵੀ ਸਮੱਗਰੀ ਨੂੰ ਦੇਖਣ ਦੇ ਯੋਗ ਹੋਣਗੇ ਜਿਸ ਨੂੰ ਤੁਸੀਂ ਜਨਤਕ ਕੀਤਾ ਹੋਵੇ। ਤੁਹਾਡੀਆਂ ਪਰਦੇਦਾਰੀ ਸੈਟਿੰਗਾਂ ਦੇ ਆਧਾਰ 'ਤੇ, ਉਹ ਫਿਰ ਵੀ ਤੁਹਾਡੇ ਨਾਲ ਚੈਟ ਜਾਂ ਸਨੈਪ ਕਰਨ ਦੇ ਯੋਗ ਹੋ ਸਕਦੇ ਹਨ। ਜਦੋਂ ਤੁਸੀਂ ਕਿਸੇ ਦੋਸਤ ਨੂੰ ਬਲੌਕ ਕਰਦੇ ਹੋ, ਤਾਂ ਉਹ ਤੁਹਾਡੀ ਕਹਾਣੀ ਨਹੀਂ ਦੇਖ ਸਕਣਗੇ, ਤੁਹਾਨੂੰ Snaps ਜਾਂ ਚੈਟ ਨਹੀਂ ਭੇਜ ਸਕਣਗੇ।



# ਤੁਹਾਨੂੰ ਧਿਆਨ ਵਿੱਚ ਰੱਖਣਾ
# ਤੰਦਰੁਸਤੀ ਦੇ ਸਰੋਤ

Snap ਆਪਣੇ ਸਮੁਦਾਇ ਦੀ ਸੁਰੱਖਿਆ ਅਤੇ ਤੰਦਰੁਸਤੀ ਨਾਲ ਪੂਰੀ ਤਰ੍ਹਾਂ ਵਚਨਬੱਧ ਹੈ। ਅਸੀਂ ਆਪਣੇ Snapchatters ਨੂੰ ਸੁਰੱਖਿਅਤ, ਸਿਹਤਮੰਦ, ਅਤੇ ਸੂਚਿਤ ਰੱਖਣ ਲਈ ਟੀਮਾਂ, ਤਕਨੀਕਾਂ, ਪਾਲਿਸੀਆਂ, ਅਤੇ ਪਾਰਟਨਰਸ਼ਿਪ ਨੂੰ ਲਾਗੂ ਕਰਦੇ ਹਾਂ।

ਅਸੀਂ ਲੋੜਵੰਦ Snapchatters ਨੂੰ ਸਰੋਤ ਅਤੇ ਸਹਾਇਤਾ ਪ੍ਰਦਾਨ ਕਰਨ ਲਈ ਇੰਡਸਟਰੀ ਦੇ ਮਾਹਰਾਂ ਅਤੇ ਗੈਰ-ਸਰਕਾਰੀ ਏਜੰਸੀਆਂ ਨਾਲ ਕੰਮ ਕਰਦੇ ਹਾਂ। ਸਾਡੇ ਸੁਰੱਖਿਆ ਪਾਰਟਨਰਾਂ ਦੀ ਇੱਕ ਪੂਰੀ ਸੂਚੀ ਲਈ, ਸਾਡੇ ਸੁਰੱਖਿਆ ਪਾਰਟਨਰਾਂ 'ਤੇ ਵਿਜਿਟ ਕਰੋ।

ਤੁਹਾਡੇ ਬੱਚਿਆਂ ਦੀ ਸਹਾਇਤਾ ਕਰਨ ਲਈ, ਭਾਵੇਂ ਉਹ ਭਾਵੁਨਾਤਮਿਕ ਸਹਾਇਤਾ ਦੀ ਭਾਲ ਕਰਦੇ ਹੋਣ ਜਾਂ ਸਿਰਫ਼ ਚੈਟ ਕਰਨਾ ਚਾਹੁੰਦੇ ਹੋਣ Snapchat ਐਪ ਵਿੱਚ ਸਰੋਤ ਅਤੇ ਤੰਦਰੁਸਤੀ ਦੀਆਂ ਵਿਸ਼ੇਸ਼ਤਾਵਾਂ ਪ੍ਰਦਾਨ ਕਰਦੀ ਹੈ! ਤੰਦਰੁਸਤੀ ਦੀਆਂ ਸਾਡੀਆਂ ਵਿਸ਼ੇਸ਼ਤਾਵਾਂ ਨੂੰ Snapchat ਭਾਈਚਾਰੇ ਦੇ ਉਨ੍ਹਾਂ ਮੈਂਬਰਾਂ ਨੂੰ ਸਿੱਖਿਅਕ ਅਤੇ ਸਸ਼ਕਤ ਬਣਾਉਣ ਲਈ ਡਿਜਾਇਨ ਕੀਤਾ ਗਿਆ ਹੈ ਜੋ ਦਿਮਾਗੀ ਸਿਹਤ ਨਾਲ ਆਪਣੇ ਹੀ ਸੰਘਰਸ਼ ਨੂੰ ਅਨੁਭਵ ਕਰ ਰਹੇ ਹੋਣ!

**ਕ੍ਰਾਈਸਿਸ ਟੈਕਸਟ ਲਾਈਨ**: ਸਾਡੀ ਕ੍ਰਾਈਸਿਸ ਟੈਕਸਟ ਲਾਈਨ ਨਾਲ ਭਾਈਵਾਲੀ ਹੈ, ਜੋ ਅਮਰੀਕਾ ਵਿੱਚ ਰਹਿਣ ਵਾਲੇ Snapchatters ਦੀ ਮੁਫ਼ਤ ਵਿੱਚ ਇੱਕ ਲਾਇਵ, ਸਿੱਖਿਅਕ ਕ੍ਰਾਈਸਿਸ ਕੌਂਸਲਰ ਨਾਲ ਚੈਟ ਕਰਨ ਵਿੱਚ ਮਦਦ ਕਰਦਾ ਹੈ, ਇਹ 24/7 ਉਪਲਬਧ ਹੈ। ਬਸ **741741 'ਤੇ KIND** ਟੈਕਸਟ ਕਰੋ, ਜਾਂ ਐਪ ਵਿੱਚ ਕ੍ਰਾਈਸਿਸ ਟੈਕਸਟ ਲਾਈਨ ਦੀ ਖੋਜ਼ ਕਰੋ! ਜੇਕਰ ਤੁਸੀਂ ਅਮਰੀਕਾ ਤੋਂ ਬਾਹਰ ਰਹਿੰਦੇ ਹੋ, ਤਾਂ ਵਧੇਰੇ ਜਾਣਕਾਰੀ ਲਈ ਸਾਡੇ ਸੁਰੱਖਿਆ ਸਰੋਤਾਂ ਦੀ ਜਾਂਚ ਕਰੋ।

CRISIS TEXT LINE |




**ਹੈੱਡਸਪੇਸ ਮਿੰਨੀ**: Snapchatters ਨੂੰ ਸਿੱਧਿਆਂ ਐਪ ਵਿੱਚ ਨਿਰਦੇਸ਼ਿਤ ਸਿਮਰਨ ਅਤੇ ਚੇਤਨਾ ਅਭਿਆਸ ਤੱਕ ਪਹੁੰਚ ਪ੍ਰਦਾਨ ਕਰਨ ਲਈ ਹੈੱਡਸਪੇਸ ਅਤੇ Snap ਮਿਲ ਕੇ ਕੰਮ ਕਰ ਰਹੇ ਹਨ। ਹੈੱਡਸਪੇਸ ਮਿੰਨੀ ਰਾਹੀਂ, Snapchatters ਦੋਸਤਾਂ ਨਾਲ ਸਿਮਰਨ 'ਤੇ ਅਭਿਆਸ ਕਰਨ ਅਤੇ ਲੋੜਵੰਦ ਦੋਸਤਾਂ ਨੂੰ ਸਾਕਾਰਾਤਮਿਕ ਰੂਪ ਵਿੱਚ ਉਤਸ਼ਾਹ ਦੇਣ ਲਈ ਉਤਸ਼ਾਹਜਨਕ ਸਾਂਝਾ ਭੇਜਣ ਦੇ ਯੋਗ ਹੋਣਗੇ। ਧਿਆਨ ਦਿਓ, ਇਹ ਸੁਵਿਧਾ ਸਿਰਫ਼ ਚੁਣਿੰਦਾ ਦੇਸ਼ਾਂ ਵਿੱਚ ਹੀ ਉਪਲਬਧ ਹੈ।




**ਇੱਥੇ ਤੁਹਾਡੇ ਲਈ**: ਤਲਾਸ਼ ਵਿੱਚ ਇੱਕ ਟੂਲ ਜੋ ਸਥਾਨਕ ਸਰੋਤਾਂ ਅਤੇ ਪੇਸ਼ੇਵਰ ਗੈਰ-ਲਾਭਕਾਰੀ ਸੰਗਠਨਾਂ ਤੋਂ ਸਮੱਗਰੀ ਨੂੰ ਸੰਭਾਲ ਕੇ ਰੱਖਦਾ ਹੈ ਜੋ ਉਦੋਂ ਦਿਖਾਇਆ ਜਾਂਦਾ ਹੈ ਜਦੋਂ ਲੋਕ ਸੰਕਟ ਵਿੱਚ ਹੋਣ ਨਾਲ ਸੰਬੰਧਿਤ ਸ਼ਬਦਾਂ ਵਿੱਚ ਟਾਈਪ ਕਰਦੇ ਹਨ। ਤਲਾਸ਼ ਦੇ ਵਿਸ਼ਿਆਂ ਵਿੱਚ ਸ਼ਾਮਲ ਹੁੰਦੇ ਹਨ ਉਦਾਸੀ ਚਿੰਤਾ, ਸੋਗ, ਧਮਕਾਉਣਾ, ਸਰੀਰਕ ਸਾਕਾਰਾਤਮਿਕਤਾ, LGBTQ ਮਾਨਸਿਕ ਸਿਹਤ, ਅਤੇ ਹੋਰ ਬਹੁਤ ਕੁਝ।

**ਐਪ-ਵਿੱਚ ਰਿਪੋਰਟਿੰਗ**: ਸਾਡਾ ਐਪ-ਵਿੱਚ ਰਿਪੋਰਟਿੰਗ ਟੂਲ Snapchatters ਨੂੰ ਗੁੰਮਨਾਮ ਰੂਪ ਵਿੱਚ ਚੇਤਾਵਨੀ ਦੇਣ ਵਿੱਚ ਸਾਡੀ ਮਦਦ ਕਰਦਾ ਹੈ ਜਦੋਂ ਉਹ ਚਿੰਤਿਤ ਹੁੰਦੇ ਹਨ ਕਿ ਉਨ੍ਹਾਂ ਦੇ ਦੋਸਤ ਖੁਦ ਨੂੰ ਨੁਕਸਾਨ ਪੁਜਾਉਣ ਦੇ ਖ਼ਤਰੇ 'ਤੇ ਹਨ। ਅਸੀਂ ਦੋਹਾਂ ਨਾਲ ਹੀ ਸਰੋਤਾਂ ਨੂੰ ਸਾਂਝਾ ਕਰਦੇ ਹਾਂ ਇੱਕ ਉਹ ਵਿਅਕਤੀ ਜੋ Snap ਨੂੰ ਹਾਲਾਤ ਪ੍ਰਤੀ ਚੇਤਾਵਨੀ ਦਿੰਦਾ ਹੈ ਅਤੇ ਉਹ ਵਿਅਕਤੀ ਜੋ ਇੱਕ ਸਹਾਇਤਾ ਸਾਈਟ ਪੰਨੇ ਲਈ ਐਪ ਵਿੱਚ ਸਹਾਇਤਾ ਪ੍ਰਾਪਤ ਕਰ ਰਿਹਾ ਹੁੰਦਾ ਹੈ ਜਿਸ ਨੂੰ ਖੁਦ ਨੂੰ ਨੁਕਸਾਨ ਹੁੰਦਾ ਹੈ ਅਤੇ 20 ਦੇਸ਼ਾਂ ਅਤੇ ਭਾਸ਼ਾਵਾਂ ਤੋਂ ਵੱਧ ਵਿੱਚ ਕ੍ਰਾਈਸਿਸ ਹੌਟਲਾਇਨ ਸਰੋਤ।

2017 ਵਿੱਚ ਅਸੀਂ ਆਪਣੇ ਭਾਈਚਾਰੇ ਦੇ ਮੈਂਬਰਾਂ ਲਈ ਐਪ-ਵਿੱਚ ਸੰਕਟ ਸੰਬੰਧੀ ਸਰੋਤਾਂ ਦੀ ਸ਼ੁਰੂਆਤ ਕੀਤੀ। ਇਹ ਦਖਲ ਅੰਦਾਜ਼ੀ Snapchat ਸਹਾਇਤਾ ਵੱਲੋਂ ਇੱਕ ਸੁਨੇਹੇ ਦੇ ਰੂਪ ਵਿੱਚ ਦਿੱਸਦੀ ਹੈ। ਸਾਡੀ ਕਾਨੂੰਨ ਲਾਗੂਕਰਨ ਅਪਰੇਸ਼ਨ ਟੀਮ ਸਕਿਰਿਆ ਰੂਪ ਵਿੱਚ ਕਾਨੂੰਨ ਲਾਗੂਕਰਨ ਤੱਕ ਪਹੁੰਚ ਕਰੇਗੀ ਜਦੋਂ ਅਸੀਂ ਮੰਨਦੇ ਹਾਂ, ਚੰਗੇ ਵਿਸ਼ਵਾਸ਼ ਵਿੱਚ, ਜੀਵਨ ਲਈ ਇੱਕ ਆਉਣ ਵਾਲਾ ਡਰ ਮੌਜੂਦ ਹੁੰਦਾ ਹੈ। Snapchat ਇੱਕ ਪੇਸ਼ੇਵਰ ਦਿਮਾਗੀ ਸਿਹਤ ਦਖ਼ਲਅੰਦਾਜੀ ਸਰੋਤ ਨਹੀ ਹੈ। ਜੇਕਰ ਕੋਈ ਦੋਸਤ ਜਾਂ ਕੋਈ ਪਿਆਰ ਖਤਰੇ ਵਿੱਚ ਹੋਵੇ, ਤਾਂ ਐਮਰਜੈਂਸੀ ਸੇਵਾਵਾਂ ਦੀ ਵਰਤੋਂ ਕਰੋ ਜਿਵੇਂ ਕਿ ਆਤਮਦਾਹ ਰੋਕਥਾਮ ਹੌਟਲਾਈਨ, ਕ੍ਰਾਈਸਿਸ ਟੈਕਸਟਲਾਈਨ, ਜਾਂ 911 'ਤੇ ਕਾਲ ਕਰੋ।

**ਸੁਰੱਖਿਆ ਸਨੈਪਸ਼ਾਟ Discover ਚੈਨਲ**: ਸੁਰੱਖਿਆ ਸਨੈਪਸ਼ਾਟ 'ਤੇ ਗਾਹਕੀ ਲੈਣ ਲਈ ਆਪਣੇ ਬੱਚਿਆਂ ਨੂੰ ਉਤਸ਼ਾਹਿਤ ਕਰੋ, ਜੋ ਡਿਜਿਟਲ ਸੁਰੱਖਿਆ ਬਾਰੇ Snapchatters ਨੂੰ ਸਿਖਾਉਣ 'ਤੇ ਧਿਆਨ ਦੇਣ ਵਾਲਾ ਇੱਕ Discover ਸ਼ੋਅ ਹੈ ਅਤੇ ਤੁਹਾਡੇ Snapchat ਖਾਤੇ ਨੂੰ ਸੁਰੱਖਿਅਤ ਰੱਖਣ ਲਈ ਮਹੱਤਵਪੂਰਨ ਵਿਧੀਆਂ ਹਨ! ਧਿਆਨ ਦਿਓ ਇਹ ਚੈਨਲ ਕੇਵਲ ਚੁਣਿੰਦਾ ਦੇਸ਼ਾਂ ਵਿੱਚ ਹੀ ਉਪਲਬਧ ਹੈ।

**ਸਰੋਤ ਪੰਨਾ**: ਆਪਣੇ ਲਈ ਅਤੇ ਆਪਣੇ ਬੱਚਿਆਂ ਲਈ ਸੁਰੱਖਿਆ ਪਾਰਟਨਰਾਂ ਅਤੇ ਸਰੋਤਾਂ ਦੀ ਪੂਰੀ ਸੂਚੀ ਲਈ ਸਾਡੇ ਸੁਰੱਖਿਆ ਕੇਂਦਰ ਨੂੰ ਦੇਖੋ!

**ਸਕੈਨ ਕਰਨ ਲਈ ਐਪ-ਵਿੱਚ ਟੈਪ ਕਰੋ ਅਤੇ ਹੋਲਡ ਕਰੋ**

# ਆਪਣੇ ਬੱਚਿਆਂ ਨਾਲ ਗੱਲ ਕਿਵੇਂ ਕਰਨੀ ਹੈ

# ਕਨਵਰਸੇਸ਼ਨ ਸਟਾਰਟਰ

ਅਸੀਂ ਜਾਣਦੇ ਹਾਂ ਕਿ Snapchat ਦੀ ਵਰਤੋਂ ਕਰਨ ਬਾਰੇ ਆਪਣੇ ਬੱਚਿਆਂ ਨਾਲ ਸੰਚਾਰ ਕਰਨ ਦੇ ਯੋਗ ਬਣਨਾ ਮਹੱਤਵਪੂਰਨ ਹੈ। ਇਹੋ ਕਾਰਣ ਹੈ ਕਿ ਅਸੀਂ MindUP,, ਕ੍ਰਾਈਸਿਸ ਟੈਕਸਟ ਲਾਈਨ, ਅਤੇ Snap ਪੇਰੈਂਟਸ ਦੇ ਮਾਹਰਾਂ ਨਾਲ ਸਾਂਝ ਪਾਈ ਹੈ, ਕੁੱਝ ਕਨਵਰਸੇਸ਼ਨ ਸਟਾਰਟਰ ਲੈ ਕੇ ਆਉਣ ਲਈ ਕਿ Snap 'ਤੇ ਆਪਣੇ ਬੱਚਿਆਂ ਨਾਲ ਕਿਵੇਂ ਜੁੜਨਾ ਹੈ, ਵਿਵਹਾਰ ਨਾਲ ਸੰਬੰਧਿਤ ਸੰਭਾਵਿਤ ਯੋਗਤਾ ਨੂੰ ਕਿਵੇਂ ਪਛਾਣਨਾ ਹੈ ਅਤੇ ਐਪ ਅੰਦਰ ਤੰਦਰੁਸਤੀ ਬਾਰੇ ਅਭਿਆਸ ਕਿਵੇਂ ਕਰਨਾ ਹੈ!

## ਸ਼ਾਮਲ ਕਰੋ

ਆਪਣਾ ਖੁਦ ਦਾ Snapchat ਖਾਤਾ ਬਣਾਉਣਾ ਐਪ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ ਅਤੇ ਤੁਹਾਡੇ ਬੱਚਿਆਂ ਨਾਲ ਬੇਹਤਰ ਜੋੜ ਸਕਦਾ ਹੈ।

**ਪੇਸ਼ੇਵਰ ਸੁਝਾਅ**: ਆਪਣੇ ਬੱਚਿਆਂ ਕੋਲੋਂ ਆਪਣੀ ਨਵੀਂ Snapchat ਦੀ ਵਰਤੋਂ ਕਰਨ ਬਾਰੇ ਸਿੱਖੋ!



## ਗੱਲਬਾਤ ਦਾ ਪ੍ਰਵਾਹ ਬਣਾਉਣ ਲਈ ਪੁੱਛਣ ਲਈ ਇੱਥੇ ਕੁੱਝ ਸਵਾਲ ਦਿੱਤੇ ਗਏ ਹਨ:

- ਕੀ ਮੈਂ ਦੇਖ ਸਕਦਾ ਹਾਂ ਕਿ ਤੁਹਾਡਾ Bitmoji ਕਿਹੋ ਜਿਹਾ ਲੱਗਦਾ ਹੈ?
- ਕੀ ਤੁਸੀਂ ਸਾਡੇ ਲਈ ਇੱਕ ਪਰਿਵਾਰਕ ਨਿੱਜੀ ਕਹਾਣੀ ਜਾਂ ਗਰੁੱਪ ਚੈਟ ਬਣਾਉਣਾ ਚਾਹੁੰਦੇ ਹੋ?
- ਤੁਸੀਂ ਜਿਆਦਾਤਰ ਕਿਸ ਫਿਲਟਰ ਦੀ ਵਰਤੋਂ ਕਰਦੇ ਹੋ?
- ਕਿਹੜਾ Discover ਸ਼ੋਅ ਤੁਹਾਡੀ ਪਸੰਦ ਹੈ? ਮੈਂ ਕਿਨ੍ਹਾਂ ਨੂੰ ਪਸੰਦ ਕਰਾਂਗਾ?
- Snapchat 'ਤੇ ਦੋਸਤ ਸਭ ਤੋਂ ਵਧੀਆ ਕਿਵੇਂ ਕੰਮ ਕਰਦੇ ਹਨ?
- ਤੁਹਾਡੀ ਸਭ ਤੋਂ ਲੰਮੀ Snapstreak ਕੌਣ ਹੈ?
- ਕੀ ਮੈਂ Snap ਨੂੰ ਸੁਰੱਖਿਅਤ ਕਰ ਸਕਦਾ ਹਾਂ? ਜੇਕਰ ਮੈਂ ਇਹ ਸੁਰੱਖਿਅਤ ਕਰਦਾ ਹਾਂ ਤਾਂ ਇਹ ਕਿੱਥੇ ਜਾਂਦਾ ਹੈ?
- ਮੈਂ Snap ਨਕਸ਼ੇ 'ਤੇ ਭੂਤੀਆ ਮੋਡ ਵਿੱਚ ਕਿਵੇਂ ਜਾਂਵਾਂ?
- ਐਪ 'ਤੇ ਤੁਹਾਡਾ ਪਸੰਦੀਦਾ ਟੈਬ ਕਿਹੜਾ ਹੈ?
- ਮੈਂ ਇਹ ਕਿਵੇਂ ਸੁਨਿਸ਼ਚਿਤ ਕਰ ਸਕਦਾ ਹਾਂ ਕਿ ਕੇਵਲ ਮੇਰੇ ਦੋਸਤ ਹੀ ਦੇਖਦੇ ਹਨ ਜੋ ਮੈਂ ਪੋਸਟ ਕਰਦਾ ਹਾਂ?
- ਤੁਹਾਡੀ ਮਨਪਸੰਦ Snap ਗੇਮ ਕਿਹੜੀ ਹੈ?

## ਇੱਕ ਮੁੱਦੇ ਦੀ ਪਛਾਣ ਕਰਨਾ:

ਇਹ ਜਾਣਨਾ ਮਹੱਤਵਪੂਰਣ ਹੈ ਕਿ ਆਪਣੇ ਬੱਚਿਆਂ ਲਈ ਤੁਹਾਨੂੰ ਕਿਹੜੇ ਵਿਵਹਾਰ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਇਹ ਵਿਵਹਾਰ ਇਹ ਦਰਸਾ ਸਕਦੇ ਹਨ ਕਿ ਤੁਹਾਡੇ ਬੱਚਿਆਂ ਨੂੰ ਔਨਲਾਈਨ ਮੁਸ਼ਕਲ ਆ ਰਹੀ ਹੈ ਅਤੇ ਤੁਹਾਡੇ ਕੋਲੋਂ ਵਾਧੂ ਸਹਾਇਤਾ ਦੀ ਲੋੜ ਪੈ ਸਕਦੀ ਹੈ, ਇੱਕ ਕੌਂਸਲਰ, ਜਾਂ ਕੋਈ ਹੋਰ ਬਾਲਗ ਵਿਅਕਤੀ। ਕੀ ਤੁਸੀਂ ਹੇਠਾਂ ਦਿੱਤਿਆਂ ਵਿੱਚੋਂ ਕਿਸੇ ਇੱਕ ਨੂੰ ਮਹਿਸੂਸ ਕਰ ਰਹੇ ਹੋ?

- ਸ਼ਖ਼ਸੀਅਤ ਵਿੱਚ ਫ਼ਰਕ (ਵਧੀ ਹੋਈ ਉਦਾਸੀ, ਡਰ, ਜਾਂ ਗੁੱਸਾ)
- ਤਕਨੀਕ ਬਾਰੇ ਵਾਰਤਾਲਾਪ ਕਰਨ ਤੋਂ ਬਚਣਾ
- ਆਪਣੇ ਫ਼ੋਨ ਜਾਂ ਲੈਪਟੌਪ ਦੀ ਵਰਤੋਂ ਕਰਨ ਤੋਂ ਬਚਣਾ
- ਦੋਸਤਾਂ ਅਤੇ ਪਰਿਵਾਰ ਤੋਂ ਅਲੱਗ ਰਹਿਣਾ
- ਸਕੂਲ ਦੇ ਵਿਵਹਾਰ ਵਿੱਚ ਬਦਲਾਵ (ਘੱਟ ਗਰੇਡ, ਘਟੀਆ ਹਾਜ਼ਰੀ, ਜਮਾਤ ਵਿੱਚ ਸੌਂ ਜਾਣਾ)
- ਖੁਦ ਨੂੰ ਨੁਕਸਾਨ ਪੁਜਾਉਣ ਵਾਲੀ ਵਿਚਾਰਧਾਰਾ



ਜੇਕਰ ਤੁਸੀਂ ਅਜਿਹੇ ਹੋ, ਤਾਂ ਆਪਣੇ ਬੱਚਿਆਂ ਨਾਲ ਗੱਲਬਾਤ ਕਰਨਾ ਯਕੀਨੀ ਬਣਾਓ ਅਤੇ ਸੰਭਾਵਿਤ ਤੌਰ 'ਤੇ ਇੱਕ ਪੇਸ਼ੇਵਰ ਤੋਂ ਮਦਦ ਲਓ ਜਾਂ ਸਾਡੇ Here For You ਟੂਲ ਦੀ ਜਾਂਚ ਕਰੋ। ਸੰਕਟ ਦੇ ਕਿਸੇ ਵੀ ਜ਼ਰੂਰੀ ਪਲਾਂ ਲਈ, ਯਕੀਨੀ ਬਣਾਓ ਕਿ ਉਨ੍ਹਾਂ ਨੂੰ ਪਤਾ ਹੋਵੇ ਕਿ **741741 'ਤੇ KIND** ਟੈਕਸਟ ਕਰਨ ਨਾਲ ਕ੍ਰਾਈਸਿਸ ਟੈਕਸਟ ਲਾਈਨ 24/7 ਉਪਲਬਧ ਹੈ। ਅਸੀਂ ਉਨ੍ਹਾਂ ਨਾਲ ਸਿੱਧਿਆਂ ਸਾਂਝ ਪਾਈ ਹੈ ਇਹ ਯਕੀਨੀ ਬਣਾਉਣ ਲਈ ਕਿ Snapchat ਭਾਈਚਾਰੇ ਕੋਲ ਉਨ੍ਹਾਂ ਦੇ ਸਿੱਖਿਅਕ ਕ੍ਰਾਈਸਿਸ ਕੌਂਸਲਰਾਂ ਵੱਲੋਂ ਮੁਫ਼ਤ, ਗੁਪਤ ਸਹਾਇਤਾ ਉਪਲਬਧ ਹੋਵੇ।









## ਤੰਦਰੁਸਤੀ 'ਤੇ ਅਭਿਆਸ ਕਰਨਾ:

Snapchat ਨੇ ਇਸ ਢੰਗ ਨਾਲ ਤਿਆਰ ਕੀਤਾ ਹੈ ਕਿ ਲੋਕ ਸਿਰਫ਼ ਉਹ ਹੀ ਚੀਜ਼ਾਂ ਦੇਖ ਸਕਣ ਜੋ ਤੁਸੀਂ ਸਾਂਝੀਆਂ ਕਰਨੀਆਂ ਚਾਹੋ, ਜਿੰਨੇ ਸਮੇਂ ਤੱਕ ਤੁਸੀਂ ਉਨ੍ਹਾਂ ਨੂੰ ਸਾਂਝੀਆਂ ਕਰਨੀਆਂ ਚਾਹੋ। ਅਸੀਂ ਆਪਣੀ ਡਿਜਾਇਨ-ਰਾਹੀਂ-ਸੁਰੱਖਿਆ ਪਹੁੰਚ ਦੀ ਵਰਤੋਂ ਕਰਕੇ ਨਵੇਂ ਉਤਪਾਦ ਅਤੇ ਵਿਸ਼ੇਸ਼ਤਾਵਾਂ ਵੀ ਵਿਕਸਿਤ ਕਰਦੇ ਹਾਂ ਅਤੇ ਆਪਣੇ ਭਾਈਚਾਰੇ ਦੀ ਰੋਕਥਾਮ ਵਾਲੀ ਤੰਦਰੁਸਤੀ ਦੇ ਟੂਲਜ਼ ਅਤੇ ਸਰੋਤਾਂ ਤੱਕ ਪਹੁੰਚ ਕਰਨ ਵਿੱਚ ਮਦਦ ਕਰਦੇ ਹਾਂ ਜਦੋਂ ਉਹ ਜਾਂ ਉਨ੍ਹਾਂ ਦੇ ਦੋਸਤ ਇੱਕ ਦਿਮਾਗੀ ਸਿਹਤ ਵਾਲੇ ਸੰਕਟ ਨੂੰ ਅਨੁਭਵ ਕਰ ਰਹੇ ਹੋਣ।

## ਇੱਥੇ ਆਪਣੇ ਅਲੱੜ੍ਹ ਬੱਚਿਆਂ ਨਾਲ ਚੈੱਕ-ਇਨ ਕਰਨ ਕੁਝ ਵੀ ਵਿਧੀਆਂ ਹਨ:

- ਕੀ ਤੁਸੀਂ ਕਦੇ ਹੈੱਡਸਪੇਸ ਦਾ ਸਿਮਰਨ ਕਰਨ ਲਈ ਵਰਤਦੇ ਹੋ? ਖੋਜ ਤੋਂ ਪਤਾ ਚੱਲਿਆ ਹੈ ਕਿ ਸਿਮਰਨ, ਜਾਂ ਧਿਆਨ 'ਤੇ ਅਭਿਆਸ, ਮਾਨਸਿਕ ਤਣਾਅ ਨੂੰ ਘਟਾ ਸਕਦੇ ਹਨ ਅਤੇ ਤੰਦਰੁਸਤੀ ਵਿੱਚ ਸੁਧਾਰ ਕਰ ਸਕਦੇ ਹਨ
- ਜੇਕਰ ਤੁਹਾਨੂੰ ਕਿਸੇ ਵਿਅਕਤੀ ਦੇ Snapchat ਦੀ ਰਿਪੋਰਟ ਕਰਨ ਦੀ ਲੋੜ ਪਏ, ਤਾਂ ਕੀ ਤੁਹਾਨੂੰ ਇਸ ਦਾ ਤਰੀਕਾ ਪਤਾ ਹੈ?
- ਕੀ ਤੁਸੀਂ ਸੁਰੱਖਿਆ ਲਈ ਸਮਰਪਿਤ ਸੇਫ਼ਟੀ Snapshot Discover ਚੈਨਲ ਨੂੰ ਦੇਖਦੇ ਹੋ?
- ਕੀ ਤੁਸੀਂ Here For You ਦੀ ਗਾਹਕੀ ਲਈ ਹੈ? ਇਸ ਨੂੰ Snapchat 'ਤੇ ਆਪਣੀ ਖੋਜ਼ ਪੱਟੀ ਵਿੱਚ "Here For You" ਟਾਈਪ ਕਰਕੇ ਲੱਭਿਆ ਜਾ ਸਕਦਾ ਹੈ
- ਕੀ ਤੁਸੀਂ ਅਜਿਹਾ ਮਹਿਸੂਸ ਕਰਦੇ ਹੋ ਕਿ ਗੱਲਬਾਤ ਕਰਨ ਲਈ ਤੁਹਾਡੇ ਕੋਲ ਕੋਈ ਹੋਵੇ ਜੇਕਰ Snapchat 'ਤੇ ਕੋਈ ਚੀਜ਼ ਤੁਹਾਨੂੰ ਪ੍ਰੇਸ਼ਾਨ ਕਰ ਰਹੀ ਹੋਵੇ?
- ਕੀ ਤੁਹਾਨੂੰ ਪਤਾ ਹੈ ਕਿ Snapchat 'ਤੇ ਤੁਹਾਡੀ ਸਹਾਇਤਾ ਕਰਨ ਲਈ ਕਿਹੜੇ ਸਰੋਤ ਉਪਲਬਧ ਹਨ?
- ਤੁਸੀਂ ਐਪ ਵਿੱਚ ਕਿੰਨਾ ਸਮਾਂ ਬਿਤਾਉਂਦੇ ਹੋ?
- ਕੀ ਤੁਸੀਂ ਐਪ ਦੀ ਵਰਤੋਂ ਕਰਦੇ ਹੋਏ ਕਦੇ ਵਿਆਕੁਲ ਮਹਿਸੂਸ ਕੀਤਾ ਹੈ? ਇਹ ਮਹਿਸੂਸ ਕਰਨ ਤੋਂ ਬਾਅਦ ਤੁਸੀਂ ਕੀ ਕਰਦੇ ਹੋ?

"

**ਸਾਡੇ ਸਾਰਿਆਂ ਅੰਦਰ ਸਾਕਾਰਾਤਮਕ ਦਿਮਾਗੀ ਆਦਤਾਂ ਜਿਵੇਂ ਕਿ ਧਿਆਨ ਲਗਾਉਣ, ਧੰਨਵਾਦ ਪ੍ਰਗਟ ਕਰਨ ਅਤੇ ਦਇਆ ਨਾਲ ਕੰਮ ਕਰਨ 'ਤੇ ਅਮਲ ਕਰਨ ਰਾਹੀਂ ਆਪਣੇ ਜੀਵਨਾਂ ਵਿੱਚ ਵਧੇਰੇ ਖੁਸ਼ੀ ਅਤੇ ਤੰਦਰੁਸਤੀ ਲਿਆਉਣ ਦੀ ਯੋਗਤਾ ਹੈ।**

***- ਮੌਲੀ ਸਟੀਵਾਰਟ ਲਾਅਲੌਰ, PhD***

mindup For Life | The Goldie Hawn Foundation

"

## ਆਪਣੇ ਬੱਚਿਆਂ ਨਾਲ ਗੱਲਬਾਤ ਕਰਨ ਤੋਂ ਬਾਅਦ:

ਹੁਣ ਜਦੋਂ ਤੁਸੀਂ ਅਤੇ ਤੁਹਾਡਾ ਬੱਚਾ Snapchat ਬਾਰੇ ਗੱਲਬਾਤ ਕਰਨ ਵਿੱਚ ਮਾਹਰ ਹੋ, ਤਾਂ ਇਹ ਇੱਕ ਚੰਗਾ ਵਿਚਾਰ ਹੈ ਕਿ ਭਵਿੱਖ ਲਈ ਤੁਸੀਂ ਕੁੱਝ ਇਕਰਾਰਨਾਮੇ ਸਥਾਪਿਤ ਕਰੋ ਅਤੇ ਯਕੀਨੀ ਬਣਾਓ ਕਿ ਤੁਸੀਂ ਇਹ ਵਿਚਾਰ-ਵਟਾਂਦਰੇ ਕਰਨਾ ਜਾਰੀ ਰੱਖੋ! ਸੋਸ਼ਲ ਮੀਡੀਆ ਦੇ ਇਕਰਾਰਨਾਮੇ ਕਰਨਾ ਵੀ ਪਰਦੇਦਾਰੀ ਅਤੇ ਦੋਹਾਂ ਪਾਸਿਆਂ 'ਤੇ ਭਰੋਸਾ ਬਣਾਈ ਰੱਖਣ ਵਿੱਚ ਮਦਦ ਕਰ ਸਕਦਾ ਹੈ। ਇਹ ਵਚਨ ਪੁਗਾਉਣ ਰਾਹੀਂ, ਇਹ ਦੋਹਾਂ ਧਿਰਾਂ ਵਿਚਕਾਰ ਭਰੋਸਾ ਬਣਾਈ ਰੱਖਣ ਵਿੱਚ ਮਦਦ ਕਰ ਸਕਦਾ ਹੈ।

ਆਪਣੇ ਬੱਚਿਆਂ ਨਾਲ ਸਿਹਤਮੰਦ ਸੰਚਾਰ ਨੂੰ ਉਤਸ਼ਾਹਿਤ ਕਰਨ ਅਤੇ ਸਿਹਤੰਮਦ ਸਕ੍ਰੀਨ ਅਤੇ ਸੋਸ਼ਲ ਮੀਡੀਆ ਵਾਲੀਆਂ ਆਦਤਾਂ ਦੇ ਵਿਕਾਸ ਵਿੱਚ ਉਨ੍ਹਾਂ ਦੀ ਮਦਦ ਕਰਨ ਲਈ ਇੱਥੇ ਕੁੱਝ ਕੁ ਕਨਵਰਸੇਸ਼ਨ ਸਟਾਰਟਰ ਦਿੱਤੇ ਗਏ ਹਨ:

- ਗੱਲਾਂ ਕਰਨ ਦੀਆਂ ਰਸਮਾਂ ਬਣਾਓ; ਗੱਲਬਾਤ ਕਰਨ ਅਤੇ ਸੁਣਨ ਲਈ ਸਮਾਂ ਕੱਢੋ ਜਿਵੇਂ ਪਰਿਵਾਰਕ ਭੋਜਨ ਕਰਨ ਵੇਲੇ
- ਗੱਲਬਾਤ ਵਿੱਚ ਆਪਣੇ ਬੱਚੇ ਨੂੰ ਸ਼ਾਮਲ ਕਰੋ, ਸਵਾਲ ਪੁੱਛੋ ਜਿਵੇਂ, "ਇਸ ਬਾਰੇ ਤੁਹਾਡੀ ਕੀ ਰਾਏ ਹੈ?" ਅਤੇ ਉਨ੍ਹਾਂ ਦੇ ਵਿਚਾਰਾਂ ਲਈ ਖੁੱਲ੍ਹਦਿਲੀ ਨਾਲ ਜਵਾਬ ਦੇਣਾ
- ਇਹ ਸਿੱਖੋ ਕਿ ਧਿਆਨ ਭੰਗ ਕਰਨ ਨੂੰ ਸਮਾਪਤ ਕਰਨ ਅਤੇ ਅੱਖਾਂ ਮਿਲਾ ਕੇ ਸੱਚਮੁੱਚ ਕਿਵੇਂ ਸੁਣਨਾ ਹੈ
- ਹਰ ਰੋਜ਼ ਇੱਕ ਸਮਾਂ ਬਲਾਕ 'ਤੇ ਸਹਿਮਤ ਹੋਵੋ ਜਿਸ ਵਿੱਚ ਸੋਸ਼ਲ ਮੀਡੀਆ ਜਾਂ ਫ਼ੋਨ "ਬਰੇਕ" ਸ਼ਾਮਲ ਹੋਵੇ
- ਆਨਲਾਈਨ ਜੋਖ਼ਮਾਂ ਅਤੇ ਚਿੰਤਾਵਾਂ ਬਾਰੇ ਖੁੱਲ੍ਹ ਕੇ ਗੱਲ ਕਰੋ, ਉਨ੍ਹਾਂ ਨੂੰ ਵਿਵਹਾਰਿਕ ਚੀਜ਼ਾਂ ਪ੍ਰਦਾਨ ਕਰਵਾਉਣਾ ਤਾਂ ਜੋ ਉਹ ਆਨਲਾਈਨ ਜੋਖਮਾਂ ਨਾਲ ਨਿਪਟਣ ਲਈ ਕਰ ਸਕਦੇ ਹਨ, ਜਿਵੇਂ ਕਿ ਬਲੌਕ ਕਰਨਾ ਅਤੇ ਰਿਪੋਰਟ ਕਰਨਾ

ਸੋਸ਼ਲ ਮੀਡੀਆ 'ਤੇ ਸੁਰੱਖਿਅਤ ਅਤੇ ਤੰਦਰੁਸਤ ਰਹਿਣ ਵਿੱਚ ਤੁਹਾਡੇ ਬੱਚਿਆਂ ਦੀ ਮਦਦ ਕਰਨ ਲਈ ਇੱਥੇ ਕੁਝ ਮੁੱਖ ਹਿਦਾਇਤਾਂ ਦਿੱਤੀਆਂ ਗਈਆਂ ਹਨ:

- ਆਪਣੇ ਨਜ਼ਦੀਕੀ ਸਰਕਲ ਲਈ ਸੋਸ਼ਲ ਪੋਸਟਾਂ ਨੂੰ ਰੱਖਣ ਦਾ ਮਹੱਤਵ - ਸਿਰਫ਼ ਉਨ੍ਹਾ ਲੋਕਾਂ ਤੋਂ ਦੋਸਤੀ ਦੇ ਅਨੁਰੋਧ ਸਵੀਕਾਰ ਕਰਨਾ ਜਿਨ੍ਹਾਂ ਨੂੰ ਤੁਸੀਂ ਸਚਮੁੱਚ ਜਾਣਦੇ ਹੋਵੋ
- ਹਮੇਸ਼ਾਂ ਖੁਦ ਨੂੰ ਪੁੱਛੋ: WWGS? (ਦਾਦੀ ਕੀ ਕਹਿੰਦੀ ਹੋਵੇਗੀ) ਤੁਹਾਡੇ ਪੋਸਟ ਕਰਨ ਤੋਂ ਪਹਿਲਾਂ!
- ਇੱਕ ਦਰਸ਼ਕ ਨਾ ਬਣੇ ਰਹੋ - ਜੇਕਰ ਤੁਸੀਂ ਕੁਝ ਅਜਿਹਾ ਦੇਖਦੇ ਹੋ ਜੋ ਤੁਹਾਨੂੰ ਪ੍ਰੇਸ਼ਾਨ ਕਰਦਾ ਹੋਵੇ, ਇਸ ਦੀ ਰਿਪੋਰਟ ਕਰੋ!
- ਹਮੇਸ਼ਾਂ ਜਨਤਕ ਸੇਧਾਂ ਦੇ ਦਾਇਰੇ ਅੰਦਰ ਕੰਮ ਕਰੋ



# Snapchat ਸ਼ਬਦਾਵਲੀ (A-Z)

**Discover:** Snap ਮੌਲਿਕ ਅਤੇ ਮੁੱਖ ਧਾਰਾ ਦੇ ਮੀਡੀਆ ਸਮੇਤ, ਮੁੱਖ ਖ਼ਬਰਾਂ ਅਤੇ ਮਨੋਰੰਜਨ ਨੂੰ ਦੇਖੋ।

**Snapcode:** ਇੱਕ Snapcode ਵਿਸ਼ੇਸ਼ ਕਿਸਮ ਦਾ ਚਿੱਤਰ ਹੁੰਦਾ ਹੈ ਜਿਸ ਨੂੰ ਤੁਸੀਂ ਵੱਖ-ਵੱਖ ਚੀਜ਼ਾਂ ਕਰਨ ਲਈ Snapchat ਨਾਲ ਸਕੈਨ ਕਰ ਸਕਦੇ ਹੋ, ਜਿਵੇਂ ਨਵੇਂ ਦੋਸਤ ਜੋੜਨਾ ਜਾਂ ਫਿਲਟਰ ਅਤੇ ਲੈਂਜ਼ ਅਨਲੌਕ ਕਰਨਾ।

**Snap ਨਕਸ਼ਾ:** ਦੇਖੋ ਕੀ ਵਾਪਰ ਰਿਹਾ ਹੈ, ਆਪਣੇ ਦੋਸਤਾਂ ਨੂੰ ਲੱਭੋ, ਅਤੇ ਇਸ ਟੈਬ ਨਾਲ ਇੱਕ ਖੋਜ 'ਤੇ ਜਾਣ ਲਈ ਪ੍ਰੇਰਨਾ ਪ੍ਰਾਪਤ ਕਰੋ। ਟਿਕਾਣਾ ਸਾਂਝਾ ਕਰਨਾ ਮੂਲ ਰੂਪ ਵਿੱਚ ਔਫ਼ ਹੁੰਦਾ ਹੈ - ਤੁਸੀਂ ਫੈਸਲਾ ਕਰੋ ਕਿ ਕੀ ਤੁਸੀਂ ਦੋਸਤਾਂ ਨਾਲ ਆਪਣੇ ਟਿਕਾਣੇ ਨੂੰ ਸਾਂਝਾ ਕਰਨਾ ਚਾਹੁੰਦੇ ਹੋ, ਜਾਂ ਇਸ ਨੂੰ ਭੂਤੀਆ ਮੋਡ ਨਾਲ ਸਿਰਫ਼ ਆਪਣੇ ਲਈ ਰੱਖੋ।

**Snap ਸਿਤਾਰੇ:** ਰਚਨਾਕਾਰ (ਜਿਵੇਂ ਕਿ ਪ੍ਰਭਾਵਕ ਅਤੇ ਪ੍ਰਸਿੱਧ ਹਸਤੀਆਂ) ਜਿਨ੍ਹਾਂ ਕੋਲ ਵਧੇਰੇ ਦਰਸ਼ਕ ਹੋਣਗੇ ਉਨ੍ਹਾਂ ਨੂੰ ਇੱਕ ਗੋਲਡ ਸਟਾਰ ਮਿਲੇਗਾ। ਤੁਸੀਂ ਇਨ੍ਹਾਂ ਰਚਨਾਕਾਰਾਂ ਲਈ ਗਾਹਕੀ ਲੈ ਸਕਦੇ ਹੋ।

**ਕੈਮਰਾ:** ਤੁਸੀਂ ਆਪਣੇ ਦੋਸਤਾਂ ਦੇ Snaps ਕਿੱਥੇ ਭੇਜਦੇ ਹੋ, ਜਿਹੜੇ ਫ਼ੋਟੋਆਂ ਜਾਂ ਵੀਡੀਓ ਹੁੰਦੇ ਹਨ!

**ਖੋਜ਼:** ਖੋਜ਼ ਵਿੱਚ ਟਾਈਪ ਕਰਨਾ ਤੁਹਾਨੂੰ ਵੱਖ-ਵੱਖ ਚੀਜਾਂ ਦਿਖਾਏਗਾ , ਤਾਂ ਕਿ ਤੁਸੀਂ ਉਹ ਦੇਖ ਸਕੋ ਜੋ ਤੁਹਾਡੇ ਲਈ ਵਧੇਰੇ ਢੁਕਵਾਂ ਹੋਵੇ; ਜਿਵੇਂ ਦੋਸਤ ਲੱਭਣੇ ਜਾਂ ਸਾਡੇ Here For You ਟੂਲ ਦੀ ਜਾਂਚ ਕਰਨਾ।

**ਗੇਮਜ਼ ਅਤੇ Snap ਮਿੰਨੀ:** ਗੇਮਜ਼ Snapchat 'ਤੇ ਆਪਣੇ ਦੋਸਤਾਂ ਨਾਲ ਜੁੜਨ ਲਈ ਇੱਕ ਮਜ਼ੇਦਾਰ ਵਿਧੀ ਹੈ! Snap ਮਿਨੀਸ ਦੋਸਤਾਂ ਲਈ ਲੋੜ ਅਨੁਸਾਰ ਬਣਾਈ ਗਈ ਬਾਈਟ-ਆਕਾਰ ਦੀ ਉਪਯੋਗਤਾ ਹੈ, ਜਿਵੇਂ ਫਿਲਮ ਵਾਲੀ ਰਾਤ ਲਈ ਯੋਜ਼ਨਾ ਬਣਾਉਣਾ ਜਾਂ ਫ਼ਲੈਸ਼ਕਾਰਡਾਂ ਦਾ ਇੱਕ ਡੈਕ ਬਣਾਉਣਾ।

**ਚੈਟ:** ਆਪਣੇ ਅਸਲ ਦੋਸਤਾਂ ਨੂੰ ਵੀਡੀਓ, ਫ਼ੋਨ, ਜਾਂ ਟੈਕਸਟ ਚੈਟ ਭੇਜੋ।

**ਟਿਕਾਣਾ ਸੇਵਾਵਾਂ:** ਅਜਿਹੀਆਂ ਖੂਬੀਆਂ ਲਈ Snapchat ਤੁਹਾਡੇ ਟਿਕਾਣੇ ਦੀ ਵਰਤੋਂ ਕਰਦੀ ਹੈ ਜਿਵੇਂ ਫਿਲਟਰ, ਖੋਜ਼, Snap ਨਕਸ਼ਾ, ਵਿਗਿਆਪਨ ਅਤੇ ਹੋਰ ਕੁੱਝ। ਜੇਕਰ ਸਮਰੱਥ ਬਣਾਇਆ ਜਾਏ, ਤੁਹਾਡੇ ਟਿਕਾਣੇ ਨੂੰ ਉਦੋਂ ਅਪਡੇਟ ਕੀਤਾ ਜਾਏਗਾ ਜਦੋਂ ਤੁਹਾਡੀ Snapchat ਖੁੱਲ੍ਹੀ ਹੋਵੇ।

**ਤੁਰੰਤ ਜੋੜੋ:** ਤੁਰੰਤ ਜੋੜੋ ਵਿੱਚ ਦੋਸਤ ਲਈ ਸੁਝਾਅ ਕੁੱਝ ਕੁ ਤੱਥਾਂ 'ਤੇ ਆਧਾਰਿਤ ਹਨ, ਜਿਵੇਂ ਤੁਸੀਂ ਪਹਿਲਾਂ ਕਿਸ ਦੇ ਦੋਸਤ ਹੋ ਅਤੇ ਤੁਸੀਂ ਕਿਸ ਤੋਂ ਗਾਹਕੀ ਲਈ ਹੈ।

**ਧਾਰੀਆਂ:** ਚੈਟ ਸਕ੍ਰੀਨ ਵਿੱਚ ਆਪਣੇ ਦੋਸਤ ਦੇ ਨਾਮ ਤੋਂ ਅੱਗੇ ਇੱਕ 🔥 ਇਮੋਜੀ ਨਾਲ ਵਿਸ਼ੇਸ਼ ਰੂਪ ਵਿੱਚ ਦਰਸਾਇਆ ਹੋਇਆ ਇੱਕ ਲੇਬਲ ਹੈ ਕਿ ਧਾਰੀ (ਅਰਥਾਤ ਇੱਕ ਦੂਜੇ ਨਾਲ ਬਦਲੇ ਹੋਏ Snaps) ਕਿੰਨੇ ਦਿਨਾਂ ਤੱਕ ਚੱਲੀ ਹੈ। Snap ਧਾਰੀਆਂ ਇਹ ਪਛਾਣ ਕਰਨ ਲਈ ਮਜ਼ਾ ਲੈਣ, ਆਨੰਦ ਵਾਲੀ ਵਿਧੀ ਹੈ ਕਿ ਤੁਸੀਂ ਵਧੇਰੇ Snapping ਕਿਸ ਨਾਲ ਕੀਤਾ ਹੈ!

**ਨਿੱਜੀ ਕਹਾਣੀ:** ਨਿੱਜੀ ਕਹਾਣੀਆਂ Snapchatters ਦੀ ਇੱਕ ਕਹਾਣੀ ਬਣਾਉਣ ਵਿੱਚ ਮਦਦ ਕਰਦੀਆਂ ਹਨ ਜਿਸ ਨੂੰ ਕੇਵਲ ਦੋਸਤਾਂ ਦੀ ਇੱਕ ਚੁਣੀ ਹੋਈ ਰਾਸ਼ੀ ਨਾਲ ਸਾਂਝਾ ਕੀਤਾ ਜਾਂਦਾ ਹੈ।

**ਭੂਤੀਆ ਮੋਡ:** ਜਦੋਂ ਸਮਰਥ ਬਣਾਇਆ ਜਾਏ, ਤਾਂ ਤੁਹਾਡੇ ਦੋਸਤ Snap ਨਕਸ਼ੇ 'ਤੇ ਤੁਹਾਡੇ ਟਿਕਾਣੇ ਨੂੰ ਨਹੀਂ ਦੇਖ ਸਕਦੇ ਹਨ!

**ਮੇਰੀ ਕਹਾਣੀ:** Snaps ਦੀ ਇੱਕ ਲੜੀ ਜਿਸ ਨੂੰ ਕਾਲਕ੍ਰਮਿਕ ਤਰਤੀਬ ਵਿੱਚ ਖੇਡਿਆ ਜਾਂਦਾ ਹੈ ਜਿਨ੍ਹਾਂ ਨੂੰ ਦੋਸਤ 24 ਘੰਟੇ ਦੇਖ ਸਕਦੇ ਹਨ। ਤੁਸੀਂ ਹਰ ਇੱਕ ਨਾਲ, ਮੇਰੇ ਦੋਸਤਾਂ, ਜਾਂ ਅਨੁਕੂਲਿਤ ਸੂਚੀ ਵਾਲੇ ਲੋਕਾਂ ਨਾਲ ਸਾਂਝਾ ਕਰਨ ਦੀ ਚੋਣ ਕਰ ਸਕਦੇ ਹੋ।

**ਯਾਦਾਂ:** Snaps ਅਤੇ ਕਹਾਣੀਆਂ ਦੀ Snapchatter ਦੀ ਨਿੱਜੀ ਕਲੈਕਸ਼ਨ ਜਿਸ ਨੂੰ ਤੁਹਾਡੀਆਂ ਯਾਦਾਂ ਵਿੱਚ ਸਟੋਰ ਕੀਤਾ ਜਾਂਦਾ ਹੈ।

**ਰਚਨਾਤਮਕ ਔਜ਼ਾਰ:** ਤੁਹਾਡੇ ਇੱਕ Snap ਬਣਾਉਣ ਤੋਂ ਬਾਅਦ, ਤੁਸੀਂ ਸਟਿੱਕਰ, ਟੈਕਸਟ, ਘੁਗੂ-ਘੋੜੇ ਬਣਾਓ ਅਤੇ ਹੋਰ ਬਹੁਤ ਕੁਝ ਸ਼ਾਮਲ ਕਰ ਸਕਦੇ ਹੋ।

**ਲੈਂਜ਼:** ਲੈਂਜ਼ ਕੈਰੋਸਲ ਨੂੰ ਸ਼ੁਰੂ ਕਰਨ ਲਈ ਇੱਕ ਚਿਹਰੇ 'ਤੇ ਟੈਪ ਕਰੋ। ਲੈਂਜ਼ ਤੁਹਾਡੇ Snaps ਵਿੱਚ 3D ਪ੍ਰਭਾਵ, ਵਸਤੂਆਂ, ਅੱਖਰ, ਅਤੇ ਰੂਪਾਂਤਰਣ ਨੂੰ ਜੋੜਦੇ ਹਨ।

**ਵਿਉਂਤਬੱਧ ਕਹਾਣੀ:** ਆਪਣੀ ਵਿਉਂਤਬੱਧ ਕਹਾਣੀ ਲਈ ਦੋਸਤਾਂ ਦੀ ਚੋਣ ਕਰੋ। ਸ਼ਾਮਲ ਹੋਣ ਵਾਲਾ ਕੋਈ ਵੀ ਵਿਅਕਤੀ ਇਸ ਕਹਾਣੀ ਵਿੱਚ ਸਮੱਗਰੀ ਜੋੜ ਸਕੇਗਾ ਅਤੇ ਦੂਜੇ ਮੈਂਬਰਾਂ ਨੂੰ ਦੇਖ ਸਕੇਗਾ।

**ਸਪੌਟਲਾਈਟ:** Snapchat ਦੀ ਦੁਨੀਆ ਨੂੰ ਇੱਕ ਥਾਂ 'ਤੇ ਦੇਖੋ ਅਤੇ ਇਸ ਮਨੋਰੰਜਨ ਪਲੇਟਫਾਰਮ ਵਿੱਚ ਸਾਡੇ ਭਾਈਚਾਰੇ ਦਾ ਨਜ਼ਰੀਆ ਵੇਖੋ

**ਸਾਡੀ ਕਹਾਣੀ:** ਭਾਈਚਾਰੇ ਵਿੱਚ ਵੱਖ-ਵੱਖ Snapchatters ਵੱਲੋਂ ਸਪੁਰਦ ਕੀਤੇ ਗਏ Snaps ਦਾ ਇੱਕ ਸੰਗ੍ਰਹਿ। ਸਾਡੀ ਕਹਾਣੀ 'ਤੇ ਦਰਸਾਏ ਗਏ Snaps ਜਨਤਕ ਸਮੱਗਰੀ ਹੁੰਦੀ ਹੈ ਜਿਨ੍ਹਾਂ ਨੂੰ Snap ਨਕਸ਼ਿਆਂ 'ਤੇ ਅਤੇ ਆਫ਼ ਪਲੇਟਫਾਰਮ 'ਤੇ ਵੀ ਦਿਖਾਇਆ ਜਾ ਸਕਦਾ ਹੈ।

**ਸਿਰਫ਼ ਮੇਰੇ ਵਾਸਤੇ:** ਇਸ ਖੂਬੀ ਨੂੰ ਯਾਦਾਂ ਵਿੱਚ ਪਾਇਆ ਜਾਂਦਾ ਹੈ ਅਤੇ Snapchatter ਦੀ ਉਨ੍ਹਾਂ ਦੀਆਂ ਯਾਦਾਂ ਵਿੱਚ ਸੁਰੱਖਿਅਤ Snaps ਅਤੇ ਕਹਾਣੀਆਂ ਨੂੰ ਉਨ੍ਹਾਂ ਦੇ ਸਿਰਫ਼ ਮੇਰੀਆਂ ਅੱਖਾਂ ਟੈਬ ਵਿੱਚ ਲਿਜਾਉਣ ਵਿੱਚ ਮਦਦ ਕਰਦਾ ਹੈ - ਜਿਨ੍ਹਾਂ ਨੂੰ ਦੇਖਣ ਲਈ ਇੱਕ ਪਾਸਕੋਡ ਦੀ ਲੋੜ ਹੁੰਦੀ ਹੈ।

**ਫ਼ਿਲਟਰ:** ਇੱਕ Snap 'ਤੇ ਸੱਜੇ ਪਾਸੇ ਸਵਾਈਪ ਕਰੋ, ਅਤੇ ਫ਼ਿਲਟਰ ਵਿਕਲਪ ਰੰਗ ਪ੍ਰਭਾਵ ਸ਼ਾਮਲ ਕਰਨ, ਸਥਾਨ ਦੀ ਜਾਣਕਾਰੀ ਦਿਖਾਉਣ, ਤੁਹਾਡੇ Bitmoji ਦਿਖਾਉਣ, ਜੋ ਤੁਸੀਂ ਕਰ ਰਹੇ ਹੋ ਉਹ ਦਿਖਾਉਣ ਅਤੇ ਹੋਰ ਬਹੁਤ ਕੁਝ ਦਿਖਾਈ ਦੇਵੇਗਾ।



Snap Inc.

ਜੁਲਾਈ 2021 ਸੰਸਕਰਨ